Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
❖ Immigration
❖ Real Estate
❖ Commercial Law
❖ Affidavit
❖ Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 20*Issue 47 Monday, March 08, 2021 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਸਿੰਘੂ ਬਾਰਡਰ ਉਤੇ ਫਾਇਰਿੰਗ ਨਾਲ ਦਹਿਸ਼ਤ ਦਾ ਮਾਹੌਲ

ਨਵੀਂ ਦਿੱਲੀ, 7 ਮਾਰਚ, (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਵਲੋਂ ਪਾਸ ਕੀਤੇ ਗਏ ਤਿੰਨ ਖੇਤੀਬਾੜੀ ਕਾਨੂੰਨਾਂ ਦੇ ਵਿਰੁੱਧ ਪਿਛਲੇ 100 ਦਿਨਾਂ ਤੋਂ ਵੱਖ-ਵੱਖਰਾਜਾਂ ਤੋਂ ਆਏ ਕਿਸਾਨ ਦਿੱਲੀਦੇ ਬਾਰਡਰਾਂ ਉੱਤੇਡਟੇ ਹੋਏ ਹਨ ਤੇ ਜਦੋਂ 8 ਮਾਰਚ ਨੂੰ ਕਿਸਾਨ ਜੱਥੇਬੰਦੀਆਂ ਵਲੋਂ ਮਹਿਲਾ ਦਿਵਸ ਮਨਾਉਣ ਦੇ ਲਈ ਤਿਆਰੀਆਂ ਚੱਲ ਰਹੀਆਂ ਸਨ ਤਾਂ ਉਸਤੋਂ ਪਹਿਲਾਂ ਸੰਯੁਕਤ ਕਿਸਾਨ ਮੋਰਚੇ ਦੇ ਮੁੱਖ ਮੰਚ ਵਾਲੇ ਸਿੰਘੂ ਬਾਰਡਰ ਉੱਤੇਅੱਜ ਐਤਵਾਰ ਨੂੰ ਅਣਪਛਾਤੇ ਨੌਜਵਾਨਾਂ ਵਲੋਂ ਫਾਇਰਿੰਗ ਕਰ ਦੇਣ ਤੋਂ ਬਾਅਦ ਦਹਿਸ਼ਤ ਦਾ ਮਾਹੌਲ ਬਣ ਗਿਆ।

ਮੌਕੇ ਉੱਤੇ ਮੌਜੂਦ ਕਿਸਾਨ ਆਗੂ ਹਰਮੀਤ ਸਿੰਘ ਕਾਦੀਆਂ ਨੇ ਦੱਸਿਆ ਕਿ ਸਿੰਘੂਬਾਰਡਰਤੋਂ ਗੋਲੀਆਂ ਦੇ ਤਿੰਨ ਖੋਲ ਮਿਲੇ ਹਨ, ਜਿਸ ਬਾਰੇ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਤੇ ਪੁਲਸ ਨੇ ਅਣਪਛਾਤੇ ਨੌਜਵਾਨਾਂ ਵਿਰੁੱਧਕੇਸ ਦਰਜ ਕਰ ਲਿਆ ਹੈ, ਜਿਸ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਉਂਜ ਇਸ ਘਟਨਾ ਵਿਚ ਕਿਸੇ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਕਿਸਾਨ ਆਗੂ ਹਰਮੀਤ ਸਿੰਗਘ ਨੇ ਦੱਸਿਆ ਕਿ ਜਿੱਥੇ ਪੰਜਾਬ-ਹਰਿਆਣਾ ਦੇ ਕਿਸਾਨਾਂ ਵਾਸਤੇ ਸਾਂਝਾ ਲੰਗਰ ਚੱਲਦਾ ਹੈ ਅਤੇ ਸਾਰੇ ਸਾਂਝਾ



ਲੰਗਰ ਛਕਦੇ ਹਨ, ਉਥੇ ਔਡੀ ਕਾਰ ਵਿਚ ਸਵਾਰ ਤਿੰਨ ਨੌਜਵਾਨ ਆਏ ਸਨ। ਕਾਰ ਦਾ ਨੰਬਰ ਸੀ ਐੱਚ 04-9595 ਦੱਸਿਆਗਿਆ ਹੈ। ਕਿਸਾਨ ਆਗੂ ਨੇ ਕਿਹਾ ਕਿ ਲੰਗਰ ਛਕਦੇਉਹ ਤਿੰਨੇਜਣੇਆਪੋ ਵਿੱਚ ਲੜ ਪਏ। ਫਿਰ ਕਾਰ ਸਵਾਰ ਨੌਜਵਾਨ ਉਥੋਂ ਚਲੇ ਗਏ ਅਤੇ ਵਾਪਸ ਆ ਕੇ ਉਨ੍ਹਾਂ ਇਕ ਫਾਇਰ ਲੰਗਰ ਹਾਲ ਦੇ ਨੇੜੇ ਕੀਤਾ ਤੇ ਦੋ ਹੋਰ ਫਾਇਰ ਅੱਗੇ ਜਾਂਦੇ ਹੋਏ ਕਰ ਦਿੱਤੇ। ਹਰਮੀਤ ਸਿੰਘ ਕਾਦੀਆਂ ਨੇ ਦੱਸਿਆ ਕਿ ਵ੍ਹਟਸਐਪ ਉੱਤੇਸਾਡੀ ਕੋਆਰਡੀਨੇਸ਼ਨ ਕਮੇਟੀ ਬਣੀ ਹੋਈ ਹੈ, ਜਿਸ ਉੱਤੇ ਜਾਣਕਾਰੀ ਮਿਲੀ ਤਾਂ ਅਸੀਂ ਮੌਕੇ ਉੱਤੇਜਾ ਪਹੁੰ-ਚੇ।

ਇਸ ਦੌਰਾਨ ਕਿਸਾਨਾਂ ਨੇ ਮੰਗ ਕੀਤੀ ਹੈ ਕਿ ਜਦੋਂਪੰਜਾਬ-ਹਰਿਆਣਾ ਦੋਵਾਂ ਰਾਜਾਂ ਦੇ ਲੋਕ ਇਕੱਠੇ ਹੋਏ ਹਨ ਤਾਂ ਏਥੇ ਆ ਕੇ ਸ਼ਰਾਰਤ ਕਰਨ ਵਾਲੇ ਇਨ੍ਹਾਂ ਸ਼ਰਾਰਤੀ ਨੂੰ ਛੇਤੀ ਫੜਿਆ ਜਾਵੇ। ਉਨ੍ਹਾਂ ਕਿਹਾ ਕਿ ਧਰਨੇ ਦੌਰਾਨ ਸਾਰਿਆਂ ਦੀ ਸੁਰੱਖਿਆ ਯਕੀਨੀ ਬਣਾਉਣੀ ਪ੍ਰਸ਼ਾਸਨ ਦਾ ਫਰਜ਼ ਹੈ।

## ਗ੍ਰੇਅ ਜ਼ੋਨ ਵਿਚ ਦਾਖਲ ਹੋਣਗੇ ਟੋਰਾਂਟੋ ਤੇ ਪੀਲ ਰੀਜਨ

ਟੋਰਾਂਟੋ, 7 ਮਾਰਚ (ਪੋਸਟ ਬਿਊਰ') : ਪਿਛਲੇ ਤਿੰਨ ਮਹੀਨਿਆਂ ਵਿੱਚ ਪਹਿਲੀ ਵਾਰੀ ਅਗਲੇ ਹਫਤੇ ਟ'ਰਾਂਟ' ਤੇ ਪੀਲ ਰੀਜਨ ਵਿੱਚ ਕਸਟਮਰਜ ਲਈ ਇੱਕ ਵਾਰੀ ਫਿਰ ਗੈਰ ਜਰੂਰੀ ਰੀਟੇਲ ਸਟ'ਰਜ ਖੁੱਲ੍ਹਣ ਜਾ ਰਹੇ ਹਨ। ਓਨਟਾਰੀਓ ਵੱਲ'ਂ ਪੜਾਅਵਾਰ ਰੀਓਪਨਿੰਗ ਲਈ ਲਿਆਂਦੇ ਗਏ ਫਰੇਮਵਰਕ ਤਹਿਤ ਇਹ ਦ'ਵੇਂ ਰੀਜਨ ਗ੍ਰੇਅ ਜ'ਨ ਵਿੱਚ ਦਾਖਲ ਹ'ਣ ਜਾ ਰਹੇ ਹਨ। ਇਹ ਖੁਲਾਸਾ ਪ੍ਰ'ਵਿੰਸ ਵੱਲ'ਂ ਸ਼ੁੱਕਰਵਾਰ ਨੂੰ ਕੀਤਾ ਗਿਆ।

ਨ'ਵਲ ਕਰ'ਨਾਵਾਇਰਸ ਦੇ ਮਾਮਲਿਆਂ ਵਿੱਚ ਇਜਾਫਾ ਹ'ਣ ਕਾਰਨ ਨਵੰਬਰ ਦੇ ਅੰਤ ਵਿੱਚ ਦ'ਵਾਂ ਰੀਜਨਜ ਵਿੱਚ ਇਨ ਪਰਸਨ ਸਾਪਿੰਗ ਨੂੰ ਬੰਦ ਕਰ ਦਿੱਤਾ ਗਿਆ ਸੀ। ਦ'ਵਾਂ ਰੀਜਨਜ ਵਿੱਚ ਸਿਰਫ ਅਸੈੱਸੀਅਲ ਵਸਤਾਂ ਵਾਲੇ ਸਟ'ਰਜ ਹੀ ਖੁੱਲ੍ਹੇ ਰੱਖੇ ਗਏ ਤੇ ਰੀਟੇਲ ਸਾਪਸ ਬੰਦ ਕਰ ਦਿੱਤੀਆਂ ਗਈਆਂ ਸਨ। ਗ੍ਰੇਅ ਜ'ਨ ਵਿੱਚ ਵੀ ਕਈ ਕਾਰ'ਬਾਰ ਬੰਦ ਹੀ ਰਹਿਣਗੇ। ਗੈਰ ਜਰੂਰੀ ਰੀਟੇਲ ਸਟ'ਰਜ ਨੂੰ ਸਿਰਫ 25 ਫੀ ਸਦੀ



ਇੰਡ'ਰ ਸਮਰੱਥਾ ਨਾਲ ਹੀ ਖੁੱਲ੍ਹਣ ਦੀ ਇਜਾਜਤ ਹ'ਵੇਗੀ। ਸੁਪਰਮਾਰਕਿ-ਟਸ, ਫਾਰਮੇਸੀਜ ਤੇ ਕਨਵੀਨੀਐਂਸ ਸਟ'ਰਜ 50 ਫੀ ਸਦੀ ਸਮਰੱਥਾ ਨਾਲ ਆਪਰੇਟ ਕਰ ਸਕਣਗੇ।

ਗ੍ਰੇਅ ਜ'ਨ ਵਿੱਚ ਦਾਖਲ ਹ'ਣ ਦਾ ਮਤਲਬ ਹੈ ਕਿ ਆਊਟਡ'ਰ ਇੱਕਠ ਵੀ ਹ' ਸਕਣਗੇ ਪਰ ਸਿਰਫ 10 ਲ'ਕਾਂ ਨੂੰ ਹੀ ਇੱਕ ਥਾਂ ਉੱਤੇ ਇੱਕਠੇ ਹ'ਣ ਦੀ ਇਜਾਜਤ ਹ'ਵੇਗੀ। ਓਨਟਾਰੀਓ ਦੀ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਇੱਕ ਨਿਊਜ ਰਲੀਜ ਵਿੱਚ ਆਖਿਆ ਕਿ ਸਾਡੀ ਸਰਕਾਰ ਇਸ ਫਰੇਮਵਰਕ ਲਈ ਫੂਕ ਫੂਕ ਕੇ ਕਦਮ ਰੱਖ ਰਹੀ ਹੈ। ਹ''ਲੀ ਹ''ਲੀ ਸਾਰੇ ਹੀ ਰੀਜਨ ਸੱਟਡਾਊਨ ਤ'ਂ ਬਾਹਰ ਆ ਜਾਣਗੇ। ਉਨ੍ਹਾਂ ਆਖਿਆ ਕਿ ਭਾਵੇਂ ਇਹ ਸਕਾਰ-ਾਤਮਕ ਕਦਮ ਹੈ ਪਰ ਇਹ ਨ''ਰਮਲ ਹਾਲਾਤ ਵੱਲ ਪਰਤਣਾ ਨਹੀਂ ਆਖਿਆ ਜਾਵੇਗਾ।

ਯ''ਰਕ, ਹਾਲਟਨ ਤੇ ਦਰਹਾਮ ਸਮੇਤ ਜੀਟੀਏ ਦੇ ਕਈ ਹ'ਰ ਹਿੱਸੇ ਅਜੇ ਰੈੱਡ ਜ'ਨ ਵਿੱਚ ਹੀ ਹਨ। ਇਸ ਤ'ਂ ਇਲਾਵਾ ਨ''ਰਥ ਬੇਅ ਪੈਰੀ ਸਾਊਂਡ ਡਿਸਟ੍ਰਿਕਟ ਹੈਲਥ ਯੂਨਿਟ ਵੀ ਸ'ਮਵਾਰ ਤ'ਂ ਰੈੱਡ ਜ'ਨ ਵਿੱਚ ਜਾਵੇਗੀ।

## ਐਨਡੀਪੀ ਨੇ ਕੈਪ ਐਂਡ ਟਰੇਡ ਸਿਸਟਮ ਵਾਪਿਸ ਲਿਆਉਣ ਦਾ ਕੀਤਾ ਵਾਅਦਾ

ਓਨਟਾਰੀਓ, 7 ਮਾਰਚ (ਪੋਸਟ ਬਿਊਰੋ) : ਓਨਟਾਰੀਓ ਦੇ ਨਿਊ ਡੈਮੋਕ੍ਰੈਟਸ ਦਾ ਕਹਿਣਾ ਹੈ ਕਿ ਜੇ 2022 ਵਿੱਚ ਉਹ ਸੱਤਾ ਵਿੱਚ ਆਉਂਦੇ ਹਨ ਤਾਂ ਉਹ ਨਵਾਂ ਕੈਪ ਐਂਡ ਟਰੇਡ ਕਾਰਬਨ ਪ੍ਰਾਈਸਿੰਗ ਸਿਸਟਮ ਲੈ ਕੇ ਆਉਣਗੇ।

ਮੁੱਖ ਸੱਤਾਧਾਰੀ ਧਿਰ ਨੇ ਆਪਣੇ ਇਲੈਕਸ਼ਨ ਪਲੇਟਫਾਰਮ ਦੇ ਐਨਵਾਇਰਮੈਂਟਲ ਪਾਲਿਸੀ ਦੇ ਸਬੰਧ ਵਿੱਚ ਇਹ ਵਾਅਦਾ ਕੀਤਾ। ਇੱਕ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ ਕਲਾਈਮੇਟ ਚੇਂਜ ਨਾਲ ਲੜਨ ਲਈ ਪ੍ਰੋਵਿੰਸ ਨੂੰ ਕਾਰਬਨ ਪ੍ਰਾਈਸਿੰਗ ਸਿਸਟਮ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਇਹ ਸਿਸਟਮ ਆਮਦਨ ਵਜੋਂ 30 ਬਿਲੀਅਨ ਡਾਲਰ ਜੁਟਾਏਗਾ ਤੇ ਅਗਲੇ ਚਾਰ ਸਾਲਾਂ ਵਿੱਚ ਗ੍ਰੀਨ ਬੌਂਡਜ਼ ਵੇਚ ਕੇ ਐਨਡੀਪੀ ਹੋਰ 10 ਬਿਲੀਅਨ ਡਾਲਰ ਇੱਕਠੇ ਕਰੇਗੀ। ਐਨਡੀਪੀ ਨੇ ਆਖਿਆ ਕਿ ਇਹ




ਨਕਦੀ ਗ੍ਰੀਨ ਬਿਲਡਿੰਗ ਰੈਟਰੋਫਿਟਸ ਲਈ ਅਦਾਇਗੀ ਵਾਸਤੇ ਵਰਤੀ ਜਾਵੇਗੀ, ਇਲੈਕਟ੍ਰਿਕ ਵਾਹਨਾਂ ਦੀ ਵਿੱਕਰੀ ਤੇ 2030 ਤੱਕ ਕਈ ਬਿਲੀਅਨ ਰੁੱਖ ਲਾਉਣ ਲਈ ਵਰਤੀ ਜਾਵੇਗੀ।

ਇਹ ਵਾਅਦਾ ਵੀ ਕੀਤਾ ਗਿਆ ਕਿ ਹਰੇਕ ਘਰ ਨੂੰ ਇਲੈਕਟ੍ਰਿਕ ਕਾਰ ਚਾਰਜਿੰਗ ਸਟੇਸ਼ਨ ਲਾਉਣ ਲਈ ਪ੍ਰੋਵਿੰਸ ਵੱਲੋਂ 600 ਡਾਲਰ ਦਿੱਤੇ ਜਾਣਗੇ। ਜ਼ਿਕਰਯੋਗ ਹੈ ਕਿ ਓਨਟਾਰੀਓ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਪ੍ਰੋਵਿੰਸ ਦੇ ਕੈਪ ਐਂਡ ਟਰੇਡ ਸਿਸਟਮ ਨੂੰ 2018 ਵਿੱਚ ਖਤਮ ਕਰ ਦਿੱਤਾ ਸੀ। ਹੌਰਵਥ ਨੇ ਆਖਿਆ ਕਿ ਐਨਡੀਪੀ ਯਕੀਨੀ ਬਣਾਵੇਗੀ ਕਿ ਪ੍ਰਦੂਸ਼ਣ ਫੈਲਾਉਣ ਵਾਲੇ ਆਪਣੇ ਕੀਤੇ ਗਏ ਰਿਸਾਅ ਲਈ ਅਦਾਇਗੀ ਵੀ ਕਰਨ। ਉਨ੍ਹਾਂ ਇਹ ਵੀ ਆਖਿਆ ਕਿ ਘੱਟ ਤੇ ਦਰਮਿਆਨੀ ਆਮਦਨ ਵਾਲੇ ਓਨਟਾਰੀਓ ਵਾਸੀਆਂ ਨੂੰ ਇਸ ਲਈ ਕੋਈ ਅਦਾਇਗੀ ਨਹੀਂ ਕਰਨੀ ਹੋਵੇਗੀ।

## ਮਹਾਂਮਾਰੀ ਕਾਰਨ ਨਵੇਂ ਇਮੀਗ੍ਰੈਂਟਸ ਨੂੰ ਦੇਸ਼ ਪਰਤਣ ਲਈ ਹੋਣਾ ਪਿਆ ਮਜਬੂਰ : ਰਿਪੋਰਟ

ਓਟਵਾ, 7 ਮਾਰਚ (ਪੋਸਟ ਬਿਊਰੋ) : ਕੋਵਿਡ-19 ਕਾਰਨ ਅਰਥਚਾਰੇ ਤੇ ਜ਼ਿੰਦਗੀ ਉੱਤੇ ਪੈਣ ਵਾਲੇ ਨਕਾਰ-ਾਤਮਕ ਅਸਰ ਸਦਕਾ ਪਿੱਛੇ ਜਿਹੇ ਕੈਨੇਡਾ ਪਹੁੰਚੇ ਕੁੱਝ ਇਮੀਗ੍ਰੈਂਟਸ ਨੂੰ ਕੈਨੇਡਾ ਛੱਡਣ ਤੇ ਆਪਣੇ ਮੂਲ ਦੇਸ਼ਾਂ ਨੂੰ ਪਰਤਣ ਲਈ ਮਜਬੂਰ ਕਰ ਦਿੱਤਾ। ਸਟੈਟੇਸਟਿਕਸ ਕੈਨੇਡਾ



ਵੱਲੋਂ ਕਰਵਾਏ ਗਏ ਲੇਬਰ ਫੋਰਸ ਸਰਵੇਅ ਦੇ ਵਿਸ਼ਲੇਸ਼ਣ ਅਨੁਸਾਰ ਪੰਜ ਸਾਲ ਦੇ ਅਰਸੇ ਤੋਂ ਘੱਟ ਸਮੇਂ ਤੋਂ ਕੈਨੇਡਾ ਰਹਿ ਰਹੇ ਪਰਮਾਨੈਂਟ ਰੈਜ਼ੀਡੈਂਟਸ ਦੀ ਗਿਣਤੀ 2020 ਦੇ ਅੰਤ ਤੱਕ ਚਾਰ ਫੀ ਸਦੀ ਘਟ ਕੇ 1,019,000 ਰਹਿ ਗਈ।

...ਬਾਕੀ ਪੰਨਾ 4 'ਤੇ

Best Insurance Rates
Auto · Home · Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home · Auto · Business · Trucking · Life Insurance · Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
Real Estate · Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 / 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH Director, Member of ICCRC, Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration · Real Estate
Family Law · Business Closing
Corporate · Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com

## ਅੱਜ ਨਾਮਾ

ਆਇਆ ਦਿਨ ਫਿਰ ਹੈ ਅੱਜ ਔਰਤਾਂ ਦਾ,
ਭਰਵੇਂ ਜੋਸ਼ ਨਾਲ ਇਹ ਮਨਾਇਆ ਜਾਊ।
ਔਰਤ ਜਾਤ ਦਾ ਕਰਨ ਲਈ ਭਲਾ ਮੁੜ ਕੇ,
ਸਾਰੇ ਜੋਸ਼ ਨਾਲ ਵਚਨ ਦੁਹਰਾਇਆ ਜਾਊ।
ਸਮਾਜੀ ਪੱਧਰ ਨੂੰ ਚੁੱਕਣ ਲਈ ਗੱਲ ਹੋਊ,
ਕੀਤੇ ਕਾਰਜ ਦਾ ਲੇਖਾ ਗਿਣਾਇਆ ਜਾਊ।
ਕਰ-ਕਰ ਭਾਸ਼ਣ ਅਕਾਉਣ ਦੀ ਹੱਦ ਵਾਲੇ,
ਅਹਿਸਾਨ ਉਨ੍ਹਾਂ ਦੇ ਲਈ ਜਤਾਇਆ ਜਾਊ।
ਲੰਘ ਗਈ ਮਾਰਚ ਦੀ ਅੱਠ ਤਾਰੀਖ ਮਗਰੋਂ,
ਅਗਲੇ ਸਾਲ ਤੱਕ ਬੋਲਣ ਦੀ ਲੋੜ ਹੈ ਨਹੀਂ।
ਅਮਲਾਂ ਵਿੱਚ ਨਹੀਂ ਹੁੰਦਾ ਈ ਕੰਮ ਬਾਹਲਾ,
ਗੱਲਾਂ-ਬਾਤਾਂ ਵਿੱਚ ਕਿਤੇ ਵੀ ਥੋੜ੍ਹ ਹੈ ਨਹੀਂ।

**ਤੀਸ ਮਾਰ ਖਾਂ**

# ਹਵਾਈ ਜਹਾਜ਼ ਵਿੱਚ ਭਾਰਤੀ ਮੁਸਾਫਰ ਦੇ ਹੰਗਾਮੇ ਕਾਰਨ ਐਮਰਜੈਂਸੀ ਲੈਂਡਿੰਗ ਕਰਨੀ ਪਈ



ਲੰਡਨ, 7 ਮਾਰਚ, (ਪੋਸਟ ਬਿਊਰੋ)- ਘਾਨਾ ਤੋਂ ਪੈਰਿਸ ਰਸਤੇ ਨਵੀਂ ਦਿੱਲੀ ਜਾ ਰਹੇ ਏਅਰ ਫਰਾਂਸ ਦੇ ਹਵਾਈ ਜਹਾਜ਼ ਨੂੰ ਇਕ ਸ਼ਰਾਰਤੀ ਭਾਰਤੀ ਮੁਸਾਫਰ ਵੱਲੋਂ ਅਚਾਨਕ ਹੰਗਾਮਾ ਕਰਨ ਨੇ ਰਾਹ ਵਿਚ ਬੁਲਗਾਰੀਆ ਦੀ ਰਾਜਧਾਨੀ ਸੋਫੀਆ ਵਿਖੇ ਐਮਰਜੈਂਸੀ ਲੈਂਡਿੰਗ ਕਰਨ ਲਈ ਮਜਬੂਰ ਕਰ ਦਿੱਤਾ।

ਮੀਡੀਆ ਰਿਪੋਰਟਾਂ ਮੁਤਾਬਕ ਸ਼ਨੀਵਾਰ ਨੂੰ ਇਹ ਹਵਾਈ ਜਹਾਜ਼ ਜਦੋਂ ਪੈਰਿਸ ਹੁੰਦੇ ਹੋਏ ਦਿੱਲੀ ਜਾ ਰਿਹਾ ਸੀ ਤਾਂ ਇਕ ਭਾਰਤੀ ਮੁਸਾਫਰ ਨੇ ਫਲਾਈਟ ਵਿੱਚ ਹੰਗਾਮਾ ਸ਼ੁਰੂ ਕਰ ਦਿੱਤਾ। ਜਹਾਜ਼ ਦੇ ਪਾਇਲਟਾਂ ਨੇ ਸੋਫੀਆ ਵਿਖੇ ਹਵਾਈ ਜਹਾਜ਼ ਦੀ ਐਮਰਜੈਂਸੀ ਲੈਂਡਿੰਗ ਕਰਵਾਈ ਅਤੇ ਜਹਾਜ਼ ਲੈਂਡ ਕਰਦੇ ਸਾਰ ਉਸ ਭਾਰਤੀ ਨਾਗਰਿਕ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਦੀ ਪਛਾਣ ਨਹੀਂ ਦੱਸੀ ਗਈ। ਉਸ ਵਿਅਕਤੀ ਨੂੰ ਗ੍ਰਿਫਤਾਰ ਕੀਤੇ ਜਾਣ ਪਿੱਛੋਂ ਹੀ ਹਵਾਈ ਜਹਾਜ਼ ਅੱਗੇ ਦੀ ਮੰਜ਼ਲ ਰਵਾਨਾ ਹੋ ਸਕਿਆ। ਬੁਲਗਾਰੀਆ ਦੀ ਖਬਰ ਏਜੰਸੀ ਮੁਤਾਬਕ ਜੇ ਭਾਰਤੀ ਨਾਗਰਿਕ ਦੋਸ਼ੀ ਨਿਕਲਿਆਤਾਂ ਉਸ ਨੂੰ 5 ਤੋਂ 10 ਸਾਲ ਤੱਕ ਕੈਦ ਦੀ ਸਜ਼ਾ ਹੋ ਸਕਦੀ ਹੈ। ਉਸ ਨੂੰ ਅਦਾਲਤ ਨੇ ਇਕ ਵਕੀਲ ਅਤੇ ਦੋਭਾਸ਼ੀਆ ਦੇ ਦਿੱਤਾ ਹੈ ਅਤੇ ਭਾਰਤੀ ਦੂਤਘਰ ਨੂੰ ਵੀ ਇਸ ਦੀ ਜਾਣਕਾਰੀ ਦੇ ਦਿੱਤੀ ਗਈ ਹੈ।

# ਚੱਪੜਚਿੜੀ ਦੇ ਮੈਦਾਨ ਵਿੱਚੋਂ ਕਿਸਾਨਾਂ ਵੱਲੋਂ ਭਾਰਤ ਸਰਕਾਰ ਨੂੰ ਤਿੱਖੀ ਵੰਗਾਰ



ਐੱਸ ਏ ਐੱਸ ਨਗਰ, 7 ਮਾਰਚ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਸੁਧਾਰ ਕਾਨੂੰਨ ਵਿਰੁੱਧ ਨੌਜਵਾਨ ਕਿਸਾਨ ਏਕਤਾ ਮੰਚ ਮੋਹਾਲੀ ਵੱਲੋਂ ਇਤਿਹਾਸਕ ਨਗਰ ਚੱਪੜਚਿੜੀ ਦੇ ਕ੍ਰਿਕਟ ਮੈਦਾਨ (ਨੇੜੇ ਇਤਿਹਾਸਕ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ) ਵਿਚ ਅੱਜ 'ਕਿਸਾਨ ਮਹਾਂ ਸਭਾ' ਕਰਾਈ ਗਈ। ਇਸ ਮੌਕੇ ਗੁਰ-ਦੁਆਰਾ ਤਾਲਮੇਲ ਕਮੇਟੀ ਮੁਹਾਲੀ, ਬਾਬਾ ਗਾਜ਼ੀ ਦਾਸ ਕਲੱਬ ਮੁਹਾਲੀ, ਯੂਨਾਈਟਿਡ ਸਿੱਖਸ, ਮੁਹਾਲੀ ਇੰਡਸਟਰੀ ਐਸੋਸੀਏਸ਼ਨ, ਅੰਤਰਰਾਸ਼ਟਰੀ ਪੁਆਧੀ ਸਭਾ, ਕਿਸਾਨ ਵੈੱਲਫੇਅਰ ਸੁਸਾਈਟੀ ਪੰਜਾਬ, ਨਾਨਕ ਹੱਟ ਤੇ ਮੋਹਾਲੀ ਡਿਵੈੱਲਪਮੈਂਟ ਵੈੱਲਫੇਅਰ ਐਸੋਸੀਏਸ਼ਨ ਵਰਗੇ ਸੰਗਠਨਾਂ ਦੇ ਕਾਰਕੁਨ ਵੱਡੀ ਗਿਣਤੀ ਵਿਚ ਸ਼ਾਮਲ ਹੋਏ ਤੇ ਭਾਜਪਾ ਸਰਕਾਰ ਦੇ ਹੁਕਮਾਂ ਦਾ ਵਿਰੋਧ ਕੀਤਾ।ਇਸ ਰੈਲੀ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਵੱਡੇ ਆਗੂ ਗੁਰਨਾਮ ਸਿੰਘ ਚੜੂੰਨੀ, ਬਲਦੇਵ ਸਿੰਘ ਸਿਰਸਾ, ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਦੇ ਜ਼ਿਲ੍ਹਾ ਪ੍ਰਧਾਨ ਰਵਿੰਦਰ ਸਿੰਘ ਦੇਹ ਕਲਾਂ ਅਤੇ ਹੋਰ ਕਈਆਗੂ ਹਾਜ਼ਰ ਸਨ।

ਰੈਲੀ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਆਗੂ ਕਨੂ ਪ੍ਰਿਆ ਨੇ ਆਖਿਆ ਕਿ ਕੇਂਦਰ ਸਰਕਾਰ ਨੂੰ ਚੰਗੀ ਤਰ੍ਹਾਂ ਪਤਾ ਲੱਗ ਚੁੱਕਾ ਹੈ ਕਿ ਅੰਨ-ਦਾਤਾ ਕਿਸਾਨ ਦੇ ਅੰਦੋਲਨ ਨਾਲ ਉਸ ਦੀਆਂ ਚੂਲਾਂ ਹਿੱਲ ਚੁੱਕੀਆਂ ਹਨ। ਕਿਸਾਨ ਆਗੂ ਮੇਹਰ ਸਿੰਘ ਥੇੜੀ ਨੇ ਕਿਹਾ ਕਿ ਭਾਜਪਾ ਨੂੰ ਕਿਸਾਨਾਂ ਦੇ ਸਬਰ ਦੀ ਪ੍ਰੀਖਿਆ ਨਹੀਂ ਲੈਣੀ ਚਾਹੀਦੀ ਤੇ ਤਿੰਨੇ ਖੇਤੀ ਕਾਨੂੰਨਮੁੱਢੋਂ ਰੱਦਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਹ ਨਾ ਸੋਚੇ ਕਿ ਕਿਸਾਨ ਥੱਕ ਹਾਰ ਕੇ ਘਰਾਂ ਨੂੰ ਚਲੇ ਜਾਣਗੇ, ਜਦੋਂ ਤਕ ਖੇਤੀ ਕਾਨੂੰਨ ਵਾਪਸ ਨਾ ਹੋਏ,ਇਹ ਸੰਘਰਸ਼ ਜਾਰੀ ਰਹੇਗਾ। ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਅਗਲੇ ਦਿਨਾਂ ਲਈ ਏਜੰਡੇ ਦਾ ਪ੍ਰੋਗਰਾਮ ਤੈਅ ਕਰ ਕੇ 11 ਮਾਰਚ ਨੂੰ ਦੱਸਣਗੀਆਂ, ਪਰ ਕਿਸਾਨ ਆਪਣੇ ਹੱਕਾਂ ਲਈ ਪੂਰੀ ਤਰ੍ਹਾਂ ਸੁਚੇਤ ਹਨ।

# ਲੁਟੇਰੇ 18 ਲੱਖ 88 ਹਜ਼ਾਰ ਦੀ ਨਕਦੀ ਸਮੇਤ ਏ ਟੀ ਐਮ ਪੁੱਟ ਕੇ ਲੈ ਗਏ

ਫ਼ਤਹਿਗੜ੍ਹ ਸਾਹਿਬ, 7 ਮਾਰਚ (ਪੋਸਟ ਬਿਊਰੋ)- ਇਸ ਜ਼ਿਲ੍ਹੇ ਵਿੱਚ 4-5 ਮਾਰਚ ਦੀ ਵਿਚਲੀ ਰਾਤ ਨੂੰ ਲੁਟੇਰੇ ਸਰਹਿੰਦ ਸ਼ਹਿਰ ਦੇ ਸਟੇਟ ਬੈਂਕ ਆਫ਼ ਇੰਡੀਆ ਦਾ ਏ ਟੀ ਐਮ ਪੁੱਟ ਕੇ ਲੈ ਗਏ, ਜਿਸ ਵਿੱਚ 18 ਲੱਖ 88 ਹਜ਼ਾਰ ਰੁਪਏ ਨਗਦੀ ਦੱਸੀ ਗਈ ਹੈ। ਇਸ ਦੀ ਜਾਣਕਾਰੀ ਮਿਲਦੇ ਸਾਰ ਡੀ ਐਸ ਪੀ (ਜਾਂਚ) ਰਘਬੀਰ ਸਿੰਘ ਮੌਕੇ ਉੱਤੇ ਪਹੁੰਚੇ ਅਤੇ ਸੀ ਸੀ ਟੀ ਵੀ ਕੈਮਰੇ ਦੀਆਂ ਤਸਵੀਰਾਂ ਅਤੇ ਫਿੰਗਰ ਪ੍ਰਿੰਟ ਮਾਹਿਰਾਂ ਨਾਲ ਜਾਂਚ ਸ਼ੁਰੂ ਕਰਵਾਈ।

ਡੀ ਐਸ ਪੀ ਰਘਬੀਰ ਸਿੰਘ ਨੇ ਦੱਸਿਆ ਕਿ ਸੀ ਸੀ ਟੀ ਵੀ ਕੈਮਰੇ ਦੀਆਂ ਤਸਵੀਰਾਂ ਮੁਤਾਬਕ ਵਾਰਦਾਤ ਤੜਕੇ ਕਰੀਬ ਤਿੰਨ ਵਜੇ ਦੀ ਹੈ, ਜਿਸ ਦੌਰਾਨ ਤਿੰਨ ਲੁਟੇਰੇ ਚਾਰ ਪਹੀਆ ਵਾਹਨ ਨਾਲ ਏ ਟੀ ਐਮ ਮਸ਼ੀਨ ਰੱਸਾ ਪਾ ਕੇ ਪੁੱਟ ਲੈ ਗਏ ਸਨ। ਬੈਂਕ ਮੈਨੇਜਰ ਸੰਜੀਵ ਕੁਮਾਰ ਨੇ ਦੱਸਿਆ ਕਿ ਏ ਟੀ ਐਮ ਵਿੱਚ 18 ਲੱਖ 88 ਹਜ਼ਾਰ ਰੁਪਏ ਸਨ। ਜ਼ਿਕਰਯੋਗ ਹੈ ਕਿ ਬੀਤੀ 16 ਫਰਵਰੀ ਨੂੰ ਫ਼ਤਹਿਗੜ੍ਹ ਸਾਹਿਬ ਦੀ ਚੰਡੀਗੜ੍ਹ ਰੋਡ ਦੇ ਇਲਾਹਾਬਾਦ ਬੈਂਕ ਦੇ ਏ ਟੀ ਐਮ ਨੂੰ ਦੋ ਅਣਪਛਾਤੇ ਲੁਟੇਰਿਆਂ ਨੇ ਲੁੱਟਣ ਦੀ ਕੋਸ਼ਿਸ਼ ਕੀਤੀ ਸੀ, ਪਰ ਏ ਟੀ ਐਮ ਵਿੱਚ ਨਗਦੀ ਨਾ ਹੋਣ ਅਤੇ ਬੈਂਕ ਦਾ ਅਲਾਰਮ ਵੱਜ ਜਾਣ ਕਰਕੇ ਵਾਰਦਾਤ ਕਰਨ ਵਿੱਚ ਸਫ਼ਲ ਨਹੀਂ ਹੋ ਸਕੇ ਸਨ।

### ਨੇਪਾਲ ਦੀ ਸੁਪਰੀਮ ਕੋਰਟ ਦਾ ਵੱਡਾ ਫੈਸਲਾ

# ਦੋ ਨੇਪਾਲ ਕਮਿਊਨਿਸਟ ਪਾਰਟੀਆਂ ਦਾ ਰਲ਼ੇਵਾਂ ਰੱਦ ਕਰ ਕੇ ਕਟੇਲ ਨੂੰ ਕਮਾਨ ਸੌਂਪੀ



ਕਾਠਮੰਡੂ, 7 ਮਾਰਚ, (ਪੋਸਟ ਬਿਊਰੋ)- ਨੇਪਾਲ ਦੀ ਸੁਪਰੀਮ ਕੋਰਟ ਨੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਅਤੇ ਉਸ ਦੇ ਵਿਰੋਧੀ ਧੜੇ ਦੇ ਨੇਤਾ ਪੁਸ਼ਪ ਕਮਲ ਦਹਲ ਪ੍ਰਚੰਡ ਦੋਵਾਂ ਨੂੰ ਤਕੜਾ ਝਟਕਾ ਦੇ ਦਿੱਤਾ ਹੈ। ਕੋਰਟ ਨੇ ਓਲੀ ਦੀ ਨੇਪਾਲ ਕਮਿਊਨਿਸਟ ਪਾਰਟੀ (ਯੂ ਐੱਮ ਐੱਲ) ਅਤੇ ਪ੍ਰਚੰਡ ਦੀ ਨੇਪਾਲ ਕਮਿਊਨਿਸਟ ਪਾਰਟੀ (ਮਾਓ) ਦੋਵਾਂ ਦੇ ਸਾਲ 2018 ਵਿਚ ਹੋਏ ਰਲ਼ੇਵੇਂ ਨੂੰ ਰੱਦ ਕਰ ਦਿੱਤਾ ਅਤੇ ਪਟੀਸ਼ਨਕਰਤਾ ਰਿਸ਼ੀਰਾਮ ਕਟੇਲ ਨੂੰ ਨੇਪਾਲ ਦੀ ਕਮਿਊਨਿਸਟ ਪਾਰਟੀ ਦਾ ਅਧਿਕਾਰਤ ਚੇਅਰਮੈਨ ਮੰਨ ਕੇ ਸਾਰੀ ਰਾਜਨੀਤੀ ਨੂੰ ਨਵਾਂ ਮੋੜ ਦੇ ਦਿੱਤਾ ਹੈ।

ਵਰਨਣ ਯੋਗ ਹੈ ਕਿ ਸਾਲ 2017 ਦੀ ਆਮ ਚੋਣ ਪਿੱਛੋਂ ਕੇ ਪੀ ਸ਼ਰਮਾ ਓਲੀ ਤੇ ਪੁਸ਼ਪ ਕਮਲ ਦਲ ਪ੍ਰਚੰਡ ਦੋਵਾਂ ਨੇ ਆਪੋ-ਆਪਣੀ ਕਮਿਊਨਿਸਟ ਪਾਰਟੀ ਦਾ ਇਕ-ਦੂਸਰੀ ਵਿਚ ਰਲ਼ੇਵਾਂ ਕਰ ਕੇ ਨੇਪਾਲ ਕਮਿਊਨਿਸਟ ਪਾਰਟੀ ਬਣਾਉਣ ਦਾ ਐਲਾਨ ਕਰ ਦਿੱਤਾ ਸੀ ਤੇ ਇਸ ਪਾਰਟੀ ਨੂੰ ਨੇਪਾਲ ਦੇ ਚੋਣ ਕਮਿਸ਼ਨ ਨੇ ਮਾਨਤਾ ਦੇ ਦਿੱਤੀ ਸੀ। ਰਿਸ਼ੀਰਾਮ ਕਟੇਲ ਨੇ ਇਸ ਰਲ਼ੇਵੇਂ ਅਤੇ ਚੋਣ ਕਮਿਸ਼ਨ ਵੱਲੋਂ ਦਿੱਤੀ ਮਾਨਤਾ ਦੇਖ਼ਿਲਾਫ਼ 2018 ਵਿਚ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ। ਸੁਪਰੀਮ ਕੋਰਟ ਦੋ ਮੈਂਬਰੀ ਬੈਂਚ ਨੇ ਕੱਲ੍ਹ ਇਸ ਪਟੀਸ਼ਨਦਾ ਫ਼ੈਸਲਾ ਦੇਂਦੇ ਹੋਏ ਦੋਵਾਂ ਪਾਰਟੀਆਂ ਦੇ ਰਲ਼ੇਵੇਂ ਨੂੰ ਰੱਦ ਕਰ ਦਿੱਤਾਅਤੇ ਆਪਣੇ ਆਦੇਸ਼ ਵਿਚ ਕਿਹਾ ਹੈ ਕਿ ਜਦੋਂ ਚੋਣ ਕਮਿਸ਼ਨ ਕੋਲ ਪਹਿਲਾਂ ਇਕ ਪਾਰਟੀ ਇਸ ਨਾਂਅ ਨਾਲ ਰਜਿਸਟਰਡ ਹੈ ਤਾਂ ਕੇ ਪੀ ਸ਼ਰਮਾ ਓਲੀ-ਪੁਸ਼ਪ ਕਮਲ ਦਹਲ ਪ੍ਰਚੰਡ ਦੀ ਨਵੀਂ ਪਾਰਟੀ ਨੂੰ ਉਸੇ ਪਾਰਟੀ ਦੇ ਰੂਪ ਵਿਚ ਮਾਨਤਾ ਕਿਵੇਂ ਦਿੱਤੀ ਜਾ ਸਕਦੀ ਸੀ। ਕੋਰਟ ਨੇ ਕਿਹਾ ਕਿ ਓਲੀ ਦੀ ਕਮਿਊਨਿਸਟ ਪਾਰਟੀ (ਯੂ ਐੱਮ ਐੱਲ) ਅਤੇ ਪ੍ਰਚੰਡ ਦੀ ਨੇਪਾਲ ਕਮਿਊਨਿਸਟ ਪਾਰਟੀ (ਮਾਓ) ਰਲ਼ੇਵੇਂ ਤੋਂ ਪਹਿਲੀ ਪਾਰਟੀ ਹਾਲਦੀ ਘੜੀ ਮੰਨੀ ਜਾਵੇਗੀ। ਇਹ ਦੋਵੇਂ ਪਾਰਟੀਆਂ ਪੋਲੀਟੀਕਲ ਪਾਰਟੀ ਐਕਟ ਹੇਠ ਆਪਣੀਆਂ ਪਾਰਟੀਆਂ ਦੀ ਮਾਨਤਾ ਦੀ ਅਰਜ਼ੀ ਦੇ ਸਕਦੀਆਂ ਹਨ। ਇਸ ਦੇ ਨਾਲ ਹੀ ਦੋਵਾਂ ਪਾਰਟੀਆਂ ਦੀ ਸਥਿਤੀ ਸਾਲ 2017 ਵਿਚ ਜਿੱਤੀਆਂ ਸੀਟਾਂ ਅਨੁਸਾਰ ਹੋ ਗਈ ਹੈ। ਸਾਲ 2017 ਵਿਚ ਓਲੀ ਦੀ ਪਾਰਟੀ ਨੇ 121 ਸੀਟਾਂਜਿੱਤੀਆਂ ਅਤੇ ਪ੍ਰਚੰਡ ਦੀ ਪਾਰਟੀ ਨੂੰ 53 ਸੀਟਾਂ ਮਿਲੀਆਂ ਸਨ।

ਸੁਪਰੀਮ ਕੋਰਟ ਦਾ ਇਹ ਫ਼ੈਸਲਾ ਉਸ ਵਕਤ ਆਇਆ ਹੈ, ਜਦੋਂ ਦੋਵੇਂ ਧੜੇ ਨੇਪਾਲ ਕਮਿਊਨਿਸਟ ਪਾਰਟੀ ਉੱਤੇ ਚੋਣ ਕਮਿਸ਼ਨ ਵਿਚ ਆਪੋ-ਆਪਣਾ ਦਾਅਵਾ ਪੇਸ਼ ਕਰ ਰਹੇ ਹਨ। ਕੋਰਟ ਦੇ ਇਸ ਫੈਸਲੇ ਨੇ ਦੋਵਾਂ ਤੋਂ ਇਸ ਪਾਰਟੀ ਦਾ ਨਾਂ ਖੋਹ ਲਿਆ ਹੈ, ਜਿਸ ਪਿੱਛੋਂ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੇ ਐਮਰਜੈਂਸੀ ਬੈਠਕ ਸੱਦ ਲਈ ਹੈ।

# ਆੜ੍ਹਤੀਆਂ ਦਾ ਐਲਾਨ: ਦਸ ਮਾਰਚ ਤੋਂ ਸਾਰੇ ਪੰਜਾਬ ਦੀਆਂ ਅਨਾਜ ਮੰਡੀਆਂ ਅਣਮਿੱਥੇ ਸਮੇਂ ਲਈ ਬੰਦ ਹੋਣਗੀਆਂ

ਖੰਨਾ, 7 ਮਾਰਚ, (ਪੋਸਟ ਬਿਊਰੋ)- ਭਾਰਤ ਅਤੇ ਪੰਜਾਬ ਸਰਕਾਰ ਦੇ ਫੈਸਲਿਆਂ ਵਿਰੁੱਧ ਪੰਜਾਬ ਦੇ ਆੜ੍ਹਤੀਆਂ ਨੇ 10 ਮਾਰਚ ਤੋਂ ਅਣਮਿੱਥੇ ਸਮੇਂ ਲਈ ਅਨਾਜ ਮੰਡੀਆਂ ਬੰਦ ਕਰਕੇ ਰੋਸ ਪ੍ਰਗਟ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਦਾ ਐਲਾਨ ਅੱਜ ਖੰਨਾ ਮੰਡੀ ਵਿਖੇ ਆੜ੍ਹਤੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਰਵਿੰਦਰ ਸਿੰਘ ਚੀਮਾ ਨੇ ਆੜ੍ਹਤੀਆਂ ਦੀ ਮੀਟਿੰਗ ਪਿੱਛੋਂ ਕੀਤਾ ਅਤੇ ਕਿਹਾ ਕਿ ਕਿਸਾਨ ਸੰਘਰਸ਼ ਵਿਚ ਆੜ੍ਹਤੀਆਂ ਦੇ ਸ਼ਾਮਲ ਹੋਣ ਕਰ ਕੇ ਹੀ ਕੇਂਦਰ ਸਰਕਾਰ ਨੇ ਫ਼ਸਲਾਂ ਦੀ ਅਦਾਇਗੀ ਅਤੇ ਜ਼ਮੀਨਾਂ ਦੀਆਂ ਜਮ੍ਹਾਂਬੰਦੀਆਂ ਲੈ ਕੇ ਫਸਲ ਖਰੀਦ ਕਰਨ ਦਾ ਫਰਮਾਨ ਜਾਰੀ ਕੀਤਾ ਹੈ। ਰਵਿੰਦਰ ਸਿੰਘ ਚੀਮਾ ਨੇ ਕਿਹਾ ਕਿ ਜਦੋਂ ਕਿਸਾਨ ਅਤੇ ਆੜ੍ਹਤੀਏ ਭਾਰਤ ਸਰਕਾਰ ਨਾਲ ਲੜ ਰਹੇ ਹਨ ਤਾਂ ਉਸ ਵਕਤ ਪੰਜਾਬ ਸਰਕਾਰ ਨੇ ਵੀ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਉੱਤੇ ਮੋਹਰ ਲਾ ਕੇ ਕੇਂਦਰ ਸਰਕਾਰ ਨੂੰ ਭਰੋਸਾ ਦੇਦਿੱਤਾ ਹੈ ਕਿ ਕਣਕ ਦੀ ਇਸ ਵਾਰੀ ਦੀ ਫ਼ਸਲ ਤੋਂ ਹੀ ਕੇਂਦਰ ਸਰਕਾਰ ਦੇ ਹੁਕਮ ਲਾਗੂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਿਛਲੇ ਤਿੰਨ ਸੀਜ਼ਨਾਂ ਤੋਂ ਆੜ੍ਹਤੀਆਂ ਦੀ ਲਗਪਗ ਡੇਢ ਸੌ ਕਰੋੜ ਰੁਪਏ ਆੜ੍ਹਤ ਅਤੇ ਪੰਜਾਹ ਕਰੋੜ ਰੁਪਏ ਦੇ ਕਰੀਬ ਮਜ਼ਦੂਰੀ ਰੋਕ ਕੇ ਬੈਠੀ ਹੈ, ਜਿਸ ਨੂੰ ਲੈਣ ਲਈ ਜਦੋਂ ਆੜ੍ਹਤੀ ਖੁਰਾਕ ਮੰਤਰੀ ਨੂੰ ਮਿਲਣ ਜਾਣ ਤਾਂ ਓਥੇ ਉਨ੍ਹਾਂ ਦੀ ਬੇਇੱਜ਼ਤੀ ਕੀਤੀ ਜਾਂਦੀ ਹੈ, ਜਦ ਕਿਸੂਚਨਾ ਅਧਿਕਾਰ ਐਕਟ (ਆਰ ਟੀ ਆਈ) ਰਾਹੀਂ ਲਈ ਸੂਚਨਾ ਦੇਣ ਵੇਲੇ ਪੰਜਾਬ ਸਰਕਾਰ ਦਾ ਝੂਠ ਨੰਗਾ ਹੋ ਚੁੱਕਾ ਹੈ। ਚੀਮਾ ਨੇ ਕਿਹਾ ਕਿ ਪੰਜਾਬ ਦੇ ਖੇਤੀਬਾੜੀ ਕਾਨੂੰਨ ਵਿੱਚ ਕਿਸਾਨ ਨੂੰ ਮਰਜ਼ੀ ਦੇ ਮੁਤਾਬਕ ਆੜ੍ਹਤੀ ਜਾਂ ਖ਼ਰੀਦਦਾਰ ਤੋਂ ਅਦਾਇਗੀਲੈਣ ਦਾ ਹੱਕ ਹੈ, ਪਰ ਪੰਜਾਬ ਦੇ ਖੁਰਾਕ ਵਿਭਾਗ ਦੇ ਅਧਿਕਾਰੀ ਕੇਂਦਰ ਸਰਕਾਰ ਨੂੰ ਏਪੀਐਮਸੀ (ਖੇਤੀ ਵਸਤਾਂ ਮੰਡੀਕਰਨ ਕਾਨੂੰਨ) ਦਾ ਵੇਰਵਾ ਨਹੀਂ ਦੇਰਹੇ। ਉਨ੍ਹਾ ਕਿਹਾ ਕਿ ਆੜ੍ਹਤੀਆਂ ਨੇ ਫੈਸਲਾ ਕੀਤਾ ਹੈ ਕਿ 10 ਮਾਰਚ ਤੋਂ ਪੰਜਾਬ ਦੇ ਸਭ ਆੜ੍ਹਤੀ ਪੰਜਾਬ ਸਰਕਾਰ ਵੱਲੋਂ ਰੋਕੀ ਗਈ 'ਦਾਮੀ ਮਜ਼ਦੂਰੀ'ਤੇ ਭਾਰਤ ਸਰਕਾਰ ਦੇ ਨਵੇਂ ਅਦਾਇਗੀ ਕਾਨੂੰਨਾਂ ਵਿਰੁੱਧ ਰੋਸ ਧਰਨੇ ਦੇਣਗੇ ਤੇ ਮੰਡੀਆਂ ਦਾ ਕੰਮ ਠੱਪ ਰੱਖਿਆ ਜਾਵੇਗਾ।

# ਮਮਤਾ ਬੈਨਰਜੀ ਨੇ ਕਿਹਾ: ਭਾਰਤ ਨੇ ਅੱਜ ਤਕ ਏਡਾ ਵੱਡਾ ਝੂਠਾ ਪ੍ਰਧਾਨ ਮੰਤਰੀ ਨਹੀਂ ਸੀ ਦੇਖਿਆ



ਸਿਲੀਗੁੜੀ, 7 ਮਾਰਚ, (ਪੋਸਟ ਬਿਊਰੋ)- ਬੰਗਾਲ ਦੀ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੇ ਅੱਜ ਏਥੇ ਕਿਹਾ ਕਿ ਭਾਰਤ ਵਿੱਚਇਕੋ ਸਿੰਡੀਕੇਟ ਹੈ, ਨਰਿੰ-ਦਰ ਮੋਦੀ-ਅਮਿਤ ਸ਼ਾਹ ਸਿੰਡੀਕੇਟ, ਹੋਰ ਕੋਈ ਸਿੰਡੀਕੇਟ ਨਹੀਂ ਹੈ। ਮਮਤਾ ਬੈਨਰਜੀ ਅੱਜ ਏਥੇ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਵਾਧੇ ਵਿਰੁੱਧ ਰੈਲੀ ਨੂੰ ਸੰਬੋਧਨ ਕਰ ਰਹੀ ਸੀ। ਇਸ ਤੋਂ ਪਹਿਲਾਂ ਉਨ੍ਹਾਂ ਨੇ ਮਹਿੰਗਾਈ ਦੇ ਵਿਰੋਧ ਵਿੱਚ ਜਲੂਸ ਦੀ ਅਗਵਾਈ ਵੀ ਕੀਤੀ। ਇਸ ਮੌਕੇ ਮਮਤਾ ਬੈਨਰਜੀ ਨੇ ਕੇਂਦਰ ਦੀ ਭਾਜਪਾ ਸਰਕਾਰ, ਖਾਸ ਕਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਹਮਲਾ ਬੋਲਦੇ ਹੋਏ ਕਿਹਾ ਕਿ ਉਨ੍ਹਾਂ ਨੇ ਦੇਸ਼ ਨੂੰ ਵੇਚ ਦਿੱਤਾਹੈ ਤੇ ਇਸ ਦੇਸ਼ ਨੂੰ ਵੇਚਣ ਵਾਲੇ ਆਗੂ ਅੱਜ ਬੰਗਾਲ ਨੂੰ ਸੋਨੇ ਦਾ ਬੰਗਾਲ ਬਣਾਉਣ ਦੀ ਗੱਲ ਕਰ ਰਹੇ ਹਨ ਤਾਂ ਇਹ ਕਿੰਨਾ ਹਾਸੋ-ਹੀਣਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਨੇ ਅੱਜ ਤਕ ਏਨਾ ਵੱਡਾ ਝੂਠਾ ਪ੍ਰਧਾਨ ਮੰਤਰੀ ਨਹੀਂ ਸੀ ਦੇਖਿਆ, ਨਰਿੰਦਰ ਮੋਦੀ ਆਪਣਾ ਨਹੀਂ ਤਾਂ ਘੱਟੋ-ਘੱਟ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਮਰਿਆਦਾ ਦਾ ਖਿਆਲ ਰੱਖਣ। ਮਮਤਾ ਨੇ ਯਾਦ ਕਰਾਇਆ ਕਿ ਮੋਦੀ ਕਹਿੰਦੇ ਸਨ ਕਿ ਬੰਦ ਹੋਏ-ਚਾਹ ਦੇਸਾਰੇ ਬਾਗ਼ਾਨ ਖੁੱਲ੍ਹਵਾ ਦੇਣਗੇ, ਪਰ ਇਕ ਵੀ ਨਹੀਂ ਖੁਲ੍ਹਵਾਇਆ ਅਤੇ ਅੱਜ ਇਹ ਹਾਲ ਹੈ ਕਿ ਲੋਕ ਜਦੋਂ ਸੁਣਦੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਸ਼ਣ ਦੇਣਗੇ ਤਾਂ ਲੋਕ ਡਰਦੇ ਹਨ ਕਿ ਪਤਾ ਨਹੀਂ ਅੱਜਕੀ ਨਵੀਂ ਮੁਸੀਬਤ ਆਉਣੀ ਹੈ। ਰਸੋਈ ਗੈਸ ਦੀਆਂ ਕੀਮਤਾਂ ਵਿੱਚ ਵਾਧੇ ਨੂੰ ਭਾਰਤ ਦੀ ਇਸ ਵੇਲੇ ਦੀ ਸਭ ਤੋਂ ਵੱਡੀ ਸਮੱਸਿਆ ਕਰਾਰ ਦਿੰਦੇ ਹੋਏ ਮਮਤਾ ਬੈਨਰਜੀ ਨੇ ਕਿਹਾ ਕਿ ਅਸੀਂ ਲੋਕਾਂ ਨੂੰ ਮੁਫ਼ਤ ਵਿੱਚ ਚਾਵਲ ਅਤੇ ਰਾਸ਼ਨ ਦਿੱਤਾਸੀ ਤਾਂ ਮੋਦੀ ਜੀ ਨੇ ਗੈਸ ਦੀ ਕੀਮਤ ਵਧਾ ਕੇ 1000 ਰੁਪਏ ਤਕ ਪਹੁੰਚਾ ਦਿੱਤੀ, ਉਹ ਨਹੀਂ ਚਾਹੁੰਦੇ ਕਿ ਗ਼ਰੀਬਾਂ ਦੇ ਘਰ ਵਿੱਚ ਦਾਲ-ਚੌਲ ਵੀ ਪੱਕ ਸਕਣ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



SherGill Law Firm
Barrister, Solicitor & Notary Public
Services:
★Real Estate
★Residential, Commercial & Franchise
★Criminal Law
★Family Law
★Affidavit, Power Of Attorney & Notarization
★Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# 18 ਸਾਲ ਨਹੀਂ, ਗ੍ਰੈਜੂਏਟ ਹੋਣ ਤੱਕ ਬੇਟੇ ਦਾ ਪਾਲਣ-ਪੋਸ਼ਣ ਕਰਨਾ ਹੋਵੇਗਾ : ਸੁਪਰੀਮ ਕੋਰਟ

ਨਵੀਂ ਦਿੱਲੀ, 6 ਮਾਰਚ (ਪੋਸਟ ਬਿਊਰੋ)- ਗ੍ਰੈਜੂਏਟ ਨੂੰ ਨਿਊ ਬੇਸਿਕ ਐਜੂਕੇਸ਼ਨ ਕਰਾਰ ਦਿੰਦੇ ਹੋਏ ਸੁਪਰੀਮ ਕੋਰਟ ਨੇ ਇੱਕ ਵਿਅਕਤੀ ਨੂੰ ਆਪਣੇ ਬੇਟੇ ਨੂੰ 18 ਸਾਲ ਨਹੀਂ, ਉਸਦੇ ਗ੍ਰੈਜੂਏਟ ਹੋਣ ਤੱਕ ਪਾਲਣ ਕਰਨ ਲਈ ਕਿਹਾ ਹੈ। ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਐਮ ਆਰ ਸ਼ਾਹਦੇ ਬੈਂਚ ਨੇ ਇੱਕ ਪਰਵਾਰਕ ਅਦਾਲਤ ਦੇ ਉਸ ਫ਼ੈਸਲੇ ਨੂੰ ਬਦਲ ਦਿੱਤਾ ਹੈ, ਜਿਸ ਵਿੱਚ ਕਰਨਾਟਕ ਸਰਕਾਰ ਦੇ ਸਿਹਤ ਵਿਭਾਗ ਦੇ ਇੱਕ ਮੁਲਾਜ਼ਮ ਨੂੰ ਆਪਣੇ ਬੇਟੇ ਨੂੰ 18 ਸਾਲ ਦੀ ਉਮਰ ਤੱਕ ਸਿੱਖਿਆ ਲਈ ਹੋਣ ਵਾਲਾ ਖਰਚ ਸਹਿਣ ਕਰਨ ਲਈ ਕਿਹਾ ਗਿਆ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਸਿਰਫ 18 ਸਾਲ ਦੀ ਉਮਰ ਤੱਕ ਵਿੱਤੀ ਮਦਦ ਦੇਣੀ ਅੱਜ ਦੇ ਹਾਲਾਤ ਵਿੱਚ ਚੋਖੀ ਨਹੀਂ ਕਿਉਂਕਿ ਅੱਜ ਬੇਸਿਕ ਡਿਗਰੀ ਕਾਲਜ ਦੀ ਪੜ੍ਹਾਈ ਖਤਮ ਕਰਨ ਤੋਂ ਬਾਅਦ ਹੀ ਮਿਲਦੀ ਹੈ।



ਸਿਹਤ ਵਿਭਾਗ ਵਿੱਚ ਕੰਮ ਕਰਦੇ ਉਸ ਮੁਲਾਜ਼ਮ ਦਾ ਜੂਨ 2005 ਵਿੱਚ ਆਪਣੀ ਪਹਿਲੀ ਪਤਨੀ ਨਾਲ ਤਲਾਕ ਹੋਣ ਪਿੱਛੋਂ ਫੈਮਿਲੀ ਕੋਰਟ ਨੇ ਸਤੰਬਰ 2017 ਵਿੱਚ ਬੱਚੇ ਦੇ ਪਾਲਣ ਪੋਸ਼ਣ ਲਈ 20 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਹੁਕਮ ਦਿੱਤਾ ਸੀ। ਉਸ ਵਿਅਕਤੀ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਅਤੇ ਰਾਹਤ ਨਾ ਮਿਲਣ ਉੱਤੇ ਉਸ ਨੇ ਸੁਪਰੀਮ ਕੋਰਟ ਵੱਲ ਰੁੱਖ ਕੀਤਾ। ਸਰਕਾਰੀ ਮੁਲਾਜ਼ਮ ਦੇ ਵਕੀਲ ਨੇ ਕਿਹਾ ਕਿ ਤਲਾਕ ਇਸ ਲਈ ਹੋਇਆ ਸੀ ਕਿ ਪਤਨੀ ਦਾ ਕਿਸੇ ਹੋਰ ਵਿਅਕਤੀ ਨਾਲ ਨਾਜਾਇਜ਼ ਸਬੰਧ ਸੀ। ਅਦਾਲਤ ਨੇ ਇਸ ਦਲੀਲ ਨੂੰ ਰੱਦ ਕਰ ਕੇ ਕਿਹਾ ਕਿ ਤੁਸੀਂ ਇਸ ਲਈ ਬੱਚੇ ਨੂੰ ਦੋਸ਼ੀ ਕਰਾਰ ਨਹੀਂ ਦੇ ਸਕਦੇ। ਬੱਚੇ ਦਾ ਇਸ ਵਿੱਚ ਕੀ ਕਸੂਰ ਹੈ? ਅਦਾਲਤ ਨੇ ਕਿਹਾ ਕਿ ਜਦੋਂ ਸਰਕਾਰੀ ਮੁਲਾਜ਼ਮ ਨੇ ਦੂਜਾ ਵਿਆਹ ਕੀਤਾ ਤਾਂ ਉਹ ਇਹ ਗੱਲ ਚੰਗੀ ਤਰ੍ਹਾਂ ਜਾਣਦਾ ਹੋਵੇਗਾ ਕਿ ਪਹਿਲੇ ਵਿਆਹ ਤੋਂ ਪੈਦਾ ਹੋਏ ਬੱਚੇ ਦੀ ਵੀ ਦੇਖਭਾਲ ਕਰਨੀ ਹੈ।

# ਮਹਾਂਮਾਰੀ ਕਾਰਨ ਨਵੇਂ ਇਮੀਗ੍ਰੈਂਟਸ ਨੂੰ ਦੇਸ਼ ਪਰਤਣ ਲਈ ਹੋਣਾ ਪਿਆ ਮਜਬੂਰ : ਰਿਪੋਰਟ

...ਪੰਨਾ 1 ਦਾ ਬਾਕੀ

ਇਹ ਅਜਿਹਾ ਸਰਵੇਖਣ ਹੈ ਜਿਹੜਾ 15 ਤੋਂ 65 ਸਾਲ ਦੇ ਵਰਕਰਜ਼ ਦੀ ਗਿਣਤੀ ਉਨ੍ਹਾਂ ਦੇ ਇਮੀਗ੍ਰੇਸ਼ਨ ਸਟੇਟਸ ਤੋਂ ਮਾਪਦਾ ਹੈ।

ਪਿਛਲੇ 10 ਸਾਲਾਂ ਦੇ ਮੁਕਾ-ਬਲੇ ਇਸ ਗਿਣਤੀ ਵਿੱਚ ਔਸਤਨ ਤਿੰਨ ਫੀ ਸਦੀ ਦਾ ਵਾਧਾ ਹੋਇਆ ਹੈ। ਡਾਟਾ ਅਨੁਸਾਰ ਪਿਛਲੇ ਪੰਜ ਤੋਂ 10 ਸਾਲਾਂ ਦਰਮਿਆਨ ਕੈਨੇਡਾ ਵਿੱਚ ਪਰਮਾਨੈਂਟ ਰੈਜ਼ੀਡੈਂਟਸ ਦੀ ਗਿਣਤੀ ਵੀ ਘੱਟ ਕੇ 2019 ਵਿੱਚ 1,170,000 ਤੋਂ 2020 ਵਿੱਚ 1,146,000 ਰਹਿ ਗਈ ਹੈ। ਯੂਨੀਵਰਸਟੀ ਆਫ ਕੈਲਗਰੀ ਸਕੂਲ ਆਫ ਪਬਲਿਕ ਪਾਲਿਸੀ ਦੇ ਰਿਸਰਚਰ ਰੌਬਰਟ ਫਾਲਕੋਨਰ ਨੇ ਆਖਿਆ ਕਿ ਮੰਦਵਾੜੇ ਦੇ ਅਰਸੇ ਦੌਰਾਨ ਇਮੀਗ੍ਰੈਂਟਸ ਦਾ ਆਪਣੇ ਅਸਲ ਮੁਲਕ ਪਰਤਣ ਦਾ ਇਹ ਰੁਝਾਨ ਅਸਾਧਾਰਨ ਨਹੀਂ ਹੈ।

ਜੇ ਉਨ੍ਹਾਂ ਦੀ ਨੌਕਰੀ ਖੁੱਸ ਜਾਂਦੀ ਹੈ ਤਾਂ ਉਹ ਆਪਣੇ ਦੇਸ਼ ਪਰਤ ਕੇ ਆਪਣੇ ਪਰਿਵਾਰ ਨਾਲ ਰਹਿ ਸਕਦੇ ਹਨ ਤੇ ਉਨ੍ਹਾਂ ਨੂੰ ਕਿਰ-ਾਇਆ ਵੀ ਨਹੀਂ ਦੇਣਾ ਹੋਵੇਗਾ। ਉੱਥੇ ਉਨ੍ਹਾਂ ਨੂੰ ਕੋਈ ਸੋਸ਼ਲ ਕੁਨੈਕਸ਼ਨ ਵੀ ਮਿਲ ਸਕਦੇ ਹਨ। ਉਨ੍ਹਾਂ ਆਖਿਆ ਕਿ ਜਿਹੜੇ ਪਿਛਲੇ ਸਾਲ ਆਪਣੇ ਦੇਸ਼ ਚਲੇ ਗਏ ਤਾਂ ਜੇ ਅਰਥਚਾਰਾ ਜਲਦੀ ਲੀਹ ਉੱਤੇ ਨਹੀਂ ਆਉਂਦਾ ਤਾਂ ਉਹ ਸ਼ਾਇਦ ਕੈਨੇਡਾ ਪਰਤਣ ਹੀ ਨਾ। ਜਿੰਨਾਂ ਲੰਮਾਂ ਸਮਾਂ ਉਹ ਆਪਣੇ ਦੇਸ਼ ਰਹਿਣਗੇ ਓਨੀ ਹੀ ਇਸ ਗੱਲ ਦੀ ਉਮੀਦ ਘੱਟ ਹੈ ਕਿ ਉਹ ਕੈਨੇਡਾ ਪਰਤਣ।

ਅਗਸਤ ਵਿੱਚ ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਇੱਕ ਅਧਿਐਨ ਅਨੁਸਾਰ ਮਹਾਂਮਾਰੀ ਦੇ ਸ਼ੁਰੂਆਤੀ ਦਿਨਾਂ ਵਿੱਚ, ਕੈਨੇਡਾ ਪਹੁੰਚੇ ਨਵੇਂ ਇਮੀਗ੍ਰੈਂਟਸ ਨੂੰ ਕੈਨੇਡਾ ਵਿੱਚ ਪੈਦਾ ਹੋਏ ਵਰਕਰਜ਼ ਦੇ ਮੁਕਾ-ਬਲੇ ਆਪਣੇ ਕੰਮ ਤੋਂ ਜ਼ਿਆਦਾ ਹੱਥ ਧੁਆਉਣੇ ਪਏ। ਹਾਲਾਂਕਿ ਮਹਾਂਮਾਰੀ ਕਾਰਨ ਵੀ 2019 ਦੇ ਮੁਕਾਬਲੇ 2020 ਵਿੱਚ ਕੈਨੇਡਾ ਲਈ ਇਮੀਗ੍ਰੇਸ਼ਨ ਵਿੱਚ 40 ਫੀ ਸਦੀ ਦੀ ਕਮੀ ਆਈ, ਪਰ ਲਿਬਰਲ ਸਰਕਾਰ ਨੇ ਅਕਤੂਬਰ ਵਿੱਚ ਇਹ ਐਲਾਨ ਕੀਤਾ ਕਿ ਅਗਲੇ ਤਿੰਨ ਸਾਲਾਂ ਵਿੱਚ ਕੈਨੇਡਾ 1.2 ਮਿਲੀਅਨ ਨਵੇਂ ਪਰਮਾਨੈਂਟ ਰੈਜ਼ੀਡੈਂਟਸ ਨੂੰ ਕੈਨੇਡਾ ਆਉਣ ਦੀ ਇਜਾਜ਼ਤ ਦੇਵੇਗਾ।

ਇਸ ਦੌਰਾਨ ਇਮੀਗ੍ਰੇਸ਼ਨ ਮੰਤਰੀ ਮਾਰਕੋ ਮੈਂਡੀਸਿਨੋ ਦੇ ਬੁਲਾਰੇ ਨੇ ਆਖਿਆ ਕਿ ਸਰਕਾਰ ਨੂੰ ਪੂਰੀ ਆਸ ਹੈ ਕਿ ਅਗਲੇ ਤਿੰਨ ਸਾਲਾਂ ਵਿੱਚ ਉਹ ਇਮੀਗ੍ਰੇਸ਼ਨ ਦੇ ਆਪਣੇ ਟੀਚੇ ਪੂਰੇ ਕਰ ਲਵੇਗੀ।

# ਐਨ ਸੀ ਬੀ ਵੱਲੋਂ ਸੁਸ਼ਾਂਤ ਖ਼ੁਦਕੁਸ਼ੀ ਨਾਲ ਸਬੰਧਤ ਡਰੱਗ ਕੇਸ ਵਿਚ ਦੋਸ਼ ਪੱਤਰ ਦਾਖ਼ਲ

## * ਰੀਆ ਚੱਕਰਵਰਤੀ ਤੇ ਉਸ ਦੇ ਭਰਾ ਸਣੇ 32 ਦੋਸ਼ੀਆਂ ਦੇ ਨਾਂਅ ਸ਼ਾਮਲ

ਮੁੰਬਈ, 7 ਮਾਰਚ (ਪੋਸਟ ਬਿਊਰੋ)- ਨਾਰਕੋਟਿਕਸ ਕੰਟਰੋਲ ਬਿਊਰੋ (ਐਨ ਸੀ ਬੀ) ਨੇ ਫਿਲਮ ਸਟਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਖ਼ੁਦਕੁਸ਼ੀ ਨਾਲ ਸਬੰਧਿਤ ਡਰੱਗ ਕੇਸ ਵਿੱਚ ਕੱਲ੍ਹ ਦੋਸ਼ ਪੱਤਰ ਦਾਖ਼ਲ ਕਰ ਦਿੱਤਾ ਹੈ।

ਕਰੀਬ 12 ਹਜ਼ਾਰ ਸਫਿਆਂ ਦੇ ਇਸ ਦੋਸ਼ ਪੱਤਰ ਵਿੱਚ ਬਾਲੀਵੁੱਡ ਅਦਾਕਾਰਾ ਰੀਆ ਚੱਕਰਵਰਤੀ ਅਤੇ ਉਸਦੇ ਭਰਾ ਸ਼ੋਵਿਕ ਸਮੇਤ 33 ਲੋਕਾਂ ਦੇ ਨਾਂਅ ਦੋਸ਼ੀਆਂਵਜੋਂ ਸ਼ਾਮਲ ਹਨ। ਦੋਸ਼ੀਆਂ ਵਿੱਚ ਕਿਸੇ ਵੱਡੀ ਫਿਲਮੀ ਹਸਤੀ ਦਾ ਨਾਂਅ ਨਹੀਂ ਹੈ। ਇਨ੍ਹਾਂ ਵਿੱਚੋਂ ਪੰਜ ਦੋਸ਼ੀ ਫ਼ਰਾਰ ਦੱਸੇ ਗਏ ਹਨ। ਦੋਸ਼ ਪੱਤਰ ਵਿੱਚ 200 ਗਵਾਹਾਂ ਦਾ ਜ਼ਿਕਰ ਹੈ। ਐਨ ਸੀ ਬੀ ਨੇ ਇਸ ਦੀ ਜਾਂਚ ਕਰਦੇ ਸਮੇਂ ਬਾਲੀਵੁੱਡ ਅਦਾਕਾਰਾ ਦੀਪਿਕਾ ਪਾਦੂਕੋਣ, ਸਾਰਾ ਅਲੀ ਖ਼ਾਨ ਅਤੇ ਸ਼ਰਧਾ ਕਪੂਰ ਤੋਂ ਵੀ ਪੁੱਛ-ਗਿੱਛ ਕੀਤੀ ਸੀ, ਪਰ ਦੋਸ਼ ਪੱਤਰ ਵਿੱਚ ਇਨ੍ਹਾਂ ਦੇ ਬਿਆਨਾਂ ਦਾ ਜ਼ਿਕਰ ਕੀਤਾ ਹੈ, ਦੋਸ਼ੀ ਨਹੀਂ ਬਣਾਇਆ। ਵਰਨਣ ਯੋਗ ਹੈ ਕਿ ਨਾਰਕੋਟਿਕ ਡਰੱਗ ਐਂਡ ਸਾਈਕੋਟ੍ਰੋਪਿਕ ਸਬਸਟਾਂਸਜ਼ (ਐਨ ਡੀ ਪੀ ਐਸ) ਐਕਟ ਹੇਠ ਬਣਾਈ ਵਿਸ਼ੇਸ਼ ਅਦਾਲਤ ਅੱਗੇ ਦਾਇਰ ਕੀਤੇ 11700 ਸਫਿਆਂ ਵਾਲੇ ਦੋਸ਼ ਪੱਤਰ ਵਿੱਚ ਡਰੱਗ ਦੀ ਬਰਾਮਦਗੀ, ਸਬੂਤ ਅਤੇ ਅੱਜ ਤੱਕ ਕੀਤੀ ਗਈ ਜਾਂਚ ਸ਼ਾਮਲ ਹੈ। ਇਸ ਸਬੰਧੀ ਐਨ ਸੀ ਬੀ ਨੇ ਦੱਸਿਆ ਕਿ ਇਸ ਕੇਸ ਵਿੱਚ ਸਾਰੇ 33 ਦੋਸ਼ੀਆਂ ਵਿੱਚੋਂ ਅੱਠ ਅਜੇ ਵੀ ਜੇਲ੍ਹ ਵਿੱਚ ਹਨ, ਜਦਕਿ ਰੀਆ ਤੇ ਸ਼ੋਵਿਕ ਸਮੇਤ ਬਾਕੀ ਸਾਰੇ ਜ਼ਮਾਨਤ ਉੱਤੇ ਹਨ।

# ਦੋ ਬੱਚਿਆਂ ਨੂੰ ਜ਼ਹਿਰ ਦੇ ਕੇ ਮਾਰਨ ਮਗਰੋਂ ਟੈਕਸੀ ਡਰਾਈਵਰ ਵੱਲੋਂ ਖ਼ੁਦਕੁਸ਼ੀ

ਗੁਰਾਇਆ, 7 ਮਾਰਚ (ਪੋਸਟ ਬਿਊਰੋ)- ਨੇੜਲੇ ਪਿੰਡ ਚੀਮਾ ਖੁਰਦ ਵਿੱਚ ਰਹਿੰਦੇ ਟੈਕਸੀ ਡਰਾਈਵਰ ਤੇ ਉਸਦੀ ਪਤਨੀ ਦੇ ਝਗੜੇ ਨੇ ਪਰਵਾਰ ਦੇ ਤਿੰਨ ਜੀਆਂ ਦੀ ਜਾਨ ਲੈ ਲਈ ਹੈ। ਕੇਹਰ ਸਿੰਘ ਨੇ 11 ਸਾਲਾ ਧੀ ਤੇ 9 ਸਾਲਾ ਪੁੱਤਰ ਨੂੰ ਜ਼ਹਿਰ ਦੇ ਕੇ ਖ਼ੁਦ ਵੀ ਜ਼ਹਿਰ ਨਿਗਲ ਲਿਆ। ਤਿੰਨਾਂ ਨੂੰ ਗੁਰ-ਾਇਆ ਨੇੜੇ ਨਿੱਜੀ ਹਸਪਤਾਲ ਦਾਖ਼ਲ ਕਰਾਇਆ ਗਿਆ ਸੀ, ਜਿੱਥੇ ਉਨ੍ਹਾਂ ਦੀ ਹਾਲਤ ਗੰਭੀਰ ਦੇਖ ਕੇ ਤਿੰਨਾਂ ਨੂੰ ਲੁਧਿਆਣਾ ਦੇ ਡੀ ਐਮ ਸੀ ਵਿੱਚ ਦਾਖ਼ਲ ਕਰਾਇਆ ਗਿਆ, ਜਿੱਥੇ ਦੇਰ ਸ਼ਾਮ ਤਿੰਨਾਂ ਦੀ ਮੌਤ ਹੋ ਗਈ। ਥਾਣਾ ਗੁਰਾਇਆ ਦੀ ਪੁਲਸ ਨੇ ਮ੍ਰਿਤਕ ਕੇਹਰ ਸਿੰਘ ਦੀ ਭੈਣ ਰਾਜਕੁਮਾਰੀ ਦੇ ਬਿਆਨਾਂ ਉੱਤੇਉਸ ਦੀ ਪਤਨੀ ਰਿੰਪੀ ਉਰਫ਼ ਮੋਨਾ ਦੇ ਖ਼ਿਲਾਫ਼ ਖ਼ੁਦਕੁਸ਼ੀ ਲਈ ਉਕਸਾਉਣ ਦਾ ਮਾਮਲਾ ਦਰਜ ਕਰ ਲਿਆ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰ੍ਹਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
CANADIAN GLASS AND WINDOW
Email: tochisangha1@hotmail.com

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਭ੍ਰਿਸ਼ਟਾਚਾਰ ਕੀ ਸਿਰਫ ਭਾਸ਼ਣ ਦਾ ਵਿਸ਼ਾ ਹੈ?

-ਵਿਨੀਤ ਨਾਰਾਇਣ-

ਪੱਛਮੀ ਬੰਗਾਲ ਦੀਆਂ ਚੋਣਾਂ ਸਿਰ ਉੱਤੇ ਹਨ ਤੇ ਸਿਆਸੀ ਸਰਗਰਮੀਆਂ ਜ਼ੋਰ ਫੜ ਗਈਆਂ ਹਨ। ਇਹ ਪਾਰਟੀਆਂ ਇੱਕ-ਦੂਸਰੇ ਉੱਤੇ ਭ੍ਰਿਸ਼ਟਾਚਾਰ ਦਾ ਦੋਸ਼ ਲਾ ਕੇ ਜਨਤਾ ਵਿਚਾਲੇ ਇੱਕ-ਦੂਜੇ ਦਾ ਅਕਸ ਖ਼ਰਾਬ ਕਰਨ ਲੱਗੀਆਂ ਹੋਈਆਂ ਹਨ। ਸਿਆਸਤ ਵਿੱਚ ਅਕਸ ਦਾ ਮਹੱਤਵ ਬਹੁਤ ਜ਼ਿਆਦਾ ਹੁੰਦਾ ਹੈ। ਇੱਕ ਵਾਰ ਜੋ ਅਕਸ ਬਣ ਜਾਵੇ, ਉਸ ਨੂੰ ਬਦਲਣਾ ਸੌਖਾ ਨਹੀਂ ਹੁੰਦਾ। ਚੋਣਾਂ ਕਿਸੇ ਸੂਬੇ ਦੀਆਂ ਹੋਣ ਜਾਂ ਲੋਕ ਸਭਾ ਦੀਆਂ ਚੋਣਾਂ ਹੋਣ, ਹਰ ਪਾਰਟੀ ਆਪਣੇ ਵਿਰੋਧੀਆਂ ਉੱਤੇ ਭ੍ਰਿਸ਼ਟਾਚਾਰ ਦਾ ਦੋਸ਼ ਲਾਉਂਦੀ ਅਤੇ ਖ਼ੂਬ ਰੌਲਾ ਪਾਉਂਦੀ ਹੈ, ਪਰ ਇਸ ਨਾਲ ਨਿਕਲਦਾ ਕੁਝ ਨਹੀਂ। ਨਾ ਭ੍ਰਿਸ਼ਟ ਸਿਆਸੀ ਵਿਵਸਥਾ ਸੁਧਰਦੀ ਹੈ ਅਤੇ ਨਾ ਦੇਸ਼ ਦੀ ਜਨਤਾ ਨੂੰ ਰਾਹਤ ਮਿਲਦੀ ਹੈ।

ਦਰਅਸਲ ਸਿਆਸਤ ਨਾਲ ਜੁੜਿਆ ਕੋਈ ਵੀ ਵਿਅਕਤੀ ਨਹੀਂ ਚਾਹੁੰਦਾ ਕਿ ਕਿਸੇ ਘਪਲੇ ਦੀ ਈਮਾਨਦਾਰੀ ਨਾਲ ਜਾਂਚ ਹੋਵੇ ਅਤੇ ਦੋਸ਼ੀਆਂ ਨੂੰ ਸਜ਼ਾ ਮਿਲੇ, ਕਿਉਂਕਿ ਉਹ ਜਾਣਦੇ ਹਨ ਕਿ ਅੱਜ ਜੋ ਦੋਸ਼ ਉਨ੍ਹਾਂ ਦੇ ਵਿਰੋਧੀ ਉੱਤੇ ਲੱਗ ਰਿਹਾ ਹੈ, ਕੱਲ੍ਹ ਉਹ ਉਨ੍ਹਾਂ ਉੱਤੇ ਵੀ ਲੱਗ ਸਕਦਾ ਹੈ। ਹਰ ਪਾਰਟੀ ਦਾ ਇਹ ਹੀ ਇਰਾਦਾ ਹੁੰਦਾ ਹੈ ਕਿ ਉਹ ਆਪਣੀ ਵਿਰੋਧੀ ਪਾਰਟੀ ਦੇ ਭ੍ਰਿਸ਼ਟਾਚਾਰ ਦੇ ਕਾਂਡ ਨੂੰ ਜਨਤਾ ਵਿੱਚ ਉਛਾਲ ਕੇ ਵੱਧ ਤੋਂ ਵੱਧ ਵੋਟਾਂ ਨੂੰ ਬਟੋਰ ਲਵੇ। ਇਸ ਪ੍ਰਕਿਰਿਆ ਵਿੱਚ ਮੂਰਖ ਜਨਤਾ ਹੀ ਬਣਦੀ ਹੈ। ਅੱਜ ਨੈਤਿਕਤਾ ਉੱਤੇ ਰੌਲਾ ਪਾਉਣ ਵਾਲੀ ਹਰ ਪਾਰਟੀ ਕੋਲੋਂ ਪੁੱਛਣਾ ਚਾਹੀਦਾ ਹੈ ਕਿ ਜਿਸ ਕਾਂਡ ਵਿੱਚ ਸਬੂਤ ਨਾਂਹ ਦੇ ਬਰਾਬਰ ਹਨ, ਉਸ ਉੱਤੇ ਤੁਸੀਂ ਇੰਨੇ ਉਤੇਜਿਤ ਹੋ, ਪਰ ਜੈਨ ਹਵਾਲਾ ਕਾਂਡ ਵਿੱਚ ਹਜ਼ਾਰਾਂ ਸਬੂਤ ਸਨ, ਉਸ ਦੀ ਜਾਂਚ ਦੀ ਮੰਗ ਦੇ ਨਾਂ ਉੱਤੇ ਹਰ ਪਾਰਟੀ ਕਿਉਂ ਚੁੱਪ ਰਹੀ ਸੀ? ਤੁਹਾਨੂੰ ਭ੍ਰਿਸ਼ਟਾਚਾਰ ਉੱਤੇ ਰੌਲਾ ਪਾਉਣ ਦੀ ਹਕੀਕਤ ਖ਼ੁਦ-ਬ-ਖ਼ੁਦ ਪਤਾ ਲੱਗ ਜਾਵੇਗੀ।

ਕੋਈ ਵੀ ਪਾਰਟੀ ਹੋਵੇ ਜਾਂ ਕੋਈ ਸਰਕਾਰ, ਸਾਰੇ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟ ਕੇ ਸੁੱਟਣ ਦਾ ਦਾਅਵਾ ਸਮੇਂ-ਸਮੇਂ ਉੱਤੇ ਕਰਦੇ ਰਹਿੰਦੇ ਹਨ। ਦੇਸ਼ ਦੇ ਕਈ ਪ੍ਰਧਾਨ ਮੰਤਰੀਆਂ ਨੇ ਵੀ ਐਲਾਨ ਕੀਤੇ ਕਿ ਉਨ੍ਹਾਂ ਦੀ ਸਰਕਾਰ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਵਚਨਬੱਧ ਹੈ। ਭ੍ਰਿਸ਼ਟਾਚਾਰ ਬਾਰੇ ਕੁਝ ਦਿਲਚਸਪ ਤੱਥਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਸਾਰੇ ਘਪਲੇ ਅਕਸਰ ਚੋਣਾਂ ਵਿੱਚ ਉਛਾਲੇ ਜਾਂਦੇ ਹਨ। ਚੋਣਾਂ ਮੌਕੇ ਜਨਤਕ ਰੈਲੀਆਂ ਵਿੱਚ ਉਤੇਜਿਕ ਭਾਸ਼ਣ ਦੇ ਕੇ ਆਪਣੇ ਵਿਰੋਧੀਆਂ ਉੱਤੇ ਕਰਾਰੇ ਹਮਲੇ ਕੀਤੇ ਜਾਂਦੇ ਹਨ। ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਸਜ਼ਾ ਦੇਣ ਦੀ ਗੱਲ ਕੀਤੀ ਜਾਂਦੀ ਹੈ।

ਇਹ ਸਾਰਾ ਤੂਫਾਨ ਚੋਣਾਂ ਖਤਮ ਹੁੰਦੇ ਸਾਰ ਠੰਢਾ ਪੈ ਜਾਂਦਾ ਹੈ। ਫਿਰ ਕੋਈ ਉਨ੍ਹਾਂ ਘਪਲਿਆਂ ਉੱਤੇ ਧਿਆਨ ਨਹੀਂ ਦਿੰਦਾ। ਅਗਲੀਆਂ ਚੋਣਾਂ ਤੱਕ ਉਸ ਨੂੰ ਠੰਢੇ ਬਸਤੇ ਵਿੱਚ ਸੁੱਟ ਦਿੱਤਾ ਜਾਂਦਾ ਹੈ। ਇਸ ਦੀ ਸਭ ਤੋਂ ਵੱਡੀ ਮਿਸਾਲ ਬੋਫੋਰਸ ਕਾਂਡ ਹੈ। ਪਿਛਲੇ ਕਈ ਸਾਲਾਂ ਤੋਂ ਹਰ ਲੋਕ ਸਭਾ ਚੋਣ ਤੋਂ ਪਹਿਲਾਂ ਇਸ ਕਾਂਡ ਨੂੰ ਉਛਾਲਿਆ ਜਾਂਦਾ ਤੇ ਫਿਰ ਭੁਲਾ ਦਿੱਤਾ ਜਾਂਦਾ ਹੈ। ਅੱਜ ਤੱਕ ਇਸ ਵਿੱਚ ਇੱਕ ਚੂਹਾ ਵੀ ਨਹੀਂ ਫੜਿਆ ਗਿਆ। ਦੂਸਰੇ ਪਾਸੇ ਜੈਨ ਹਵਾਲਾ ਕਾਂਡ ਸੀ, ਜਿਸ ਨੂੰ ਕਿਸੇ ਵੀ ਚੋਣ ਵਿੱਚ ਕੋਈ ਮੁੱਦਾ ਨਹੀਂ ਬਣਾਇਆ ਗਿਆ, ਕਿਉਂਕਿ ਇਸ ਕਾਂਡ ਵਿੱਚ ਹਰ ਵੱਡੀ ਪਾਰਟੀ ਦੇ ਪ੍ਰਮੁੱਖ ਨੇਤਾ ਫਸੇ ਹੋਏ ਸਨ ਤਾਂ ਰੌਲਾ ਕੌਣ ਪਾਵੇਗਾ? ਜੇ ਕੋਈ ਨੇਤਾ ਰਿਸ਼ਵਤ ਲੈਂਦਾ ਹੈ ਤਾਂ ਕੋਈ ਨਵੀਂ ਗੱਲ ਨਹੀਂ। ਰਿਸ਼ਵਤ ਇੰਨੀ ਆਮ ਹੋ ਚੁੱਕੀ ਹੈ ਕਿ ਇਨ੍ਹਾਂ ਖ਼ਬਰਾਂ ਦਾ ਕਿਸੇ ਨੂੰ ਫਰਕ ਨਹੀਂ ਪੈਂਦਾ। ਲੋਕ ਮੰਨ ਚੁੱਕੇ ਹਨ ਕਿ ਸਿਆਸਤ ਭ੍ਰਿਸ਼ਟਾਚਾਰ ਦਾ ਬਦਲ ਹੈ। ਭਾਰਤ ਦੇ ਪ੍ਰਧਾਨ ਮੰਤਰੀ ਹੁੰਦਿਆਂ ਇੰਦਰ ਕੁਮਾਰ ਗੁਜਰਾਲ ਨੇ ਕਿਹਾ ਸੀ ਕਿ ਉਹ ਭ੍ਰਿਸ਼ਟਾਚਾਰ ਰੋਕਣ ਵਿੱਚ ਲਾਚਾਰ ਹਨ। ਭਾਰਤ ਦੇ ਚੀਫ਼ ਜਸਟਿਸ ਹੁੰਦਿਆਂ ਜਸਟਿਸ ਐਸ ਪੀ ਭਰੂਚਾ ਨੇ ਮੰਨਿਆ ਸੀ ਕਿ ਹਾਈ ਕੋਰਟ ਵਿੱਚ 20 ਫੀਸਦੀ ਭ੍ਰਿਸ਼ਟਾਚਾਰ ਹੈ। ਵਿਧਾਨ ਪਾਲਿਕਾ ਅਤੇ ਨਿਆਂ ਪਾਲਿਕਾ ਦੇ ਚੋਟੀ ਦੇ ਮਰਦ ਜੇ ਇਹ ਗੱਲ ਕਰਦੇ ਹਨ ਤਾਂ ਕਾਰਜ ਪਾਲਿਕਾ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਕਿ ਉਥੇ ਉਪਰੋਂ ਹੇਠਾਂ ਤੱਕ ਭਾਰੀ ਭ੍ਰਿਸ਼ਟਾਚਾਰ ਹੈ। ਲੋਕਤੰਤਰ ਦੇ ਤਿੰਨੇ ਥੰਮ੍ਹ ਇਸ ਬੁਰੀ ਤਰ੍ਹਾਂ ਭ੍ਰਿਸ਼ਟਾਚਾਰ ਦੇ ਕੈਂਸਰ ਨਾਲ ਗ੍ਰਸਤ ਹਨ ਕਿ ਕਿਸੇ ਨੂੰ ਕੋਈ ਰਸਤਾ ਨਹੀਂ ਸੁਝਦਾ। ਅਜਿਹੇ ਮਾਹੌਲ ਵਿੱਚ ਜਦੋਂ ਕੋਈ ਘਪਲਾ ਉਛਲਦਾ ਹੈ ਤਾਂ 2-4 ਦਿਨ ਲਈ ਚਰਚਾ ਵਿੱਚ ਰਹਿੰਦਾ ਹੈ, ਫਿਰ ਲੋਕ ਭੁੱਲ ਜਾਂਦੇ ਹਨ।

ਜੇ ਕੇਂਦਰ ਸਰਕਾਰ ਭ੍ਰਿਸ਼ਟਾਚਾਰ ਦੂਰ ਕਰਨਾ ਚਾਹੁੰਦੀ ਹੈ ਤਾਂ ਕੀ ਉਹ ਦੱਸੇਗੀ ਕਿ ਜਿਹੜੇ ਵੱਡੇ ਅਫ਼ਸਰਾਂ ਦੇ ਵਿਰੁੱਧ ਸੀ ਬੀ ਆਈ ਨੇ ਕੇਸ ਦਰਜ ਹੋਏ ਸਨ, ਉਨ੍ਹਾਂ ਵਿਰੁੱਧ ਸੀ ਬੀ ਆਈ ਨੂੰ ਕਾਰਵਾਈ ਦੀ ਇਜਾਜ਼ਤ ਕਿਉਂ ਨਹੀਂ ਦਿੱਤੀ ਗਈ। ਕੀ ਸਰਕਾਰ ਦੇ ਨੇਤਾ ਦੱਸਣਗੇ ਕਿ ਅੱਤਵਾਦ ਨਾਲ ਜੁੜੇ ਕੇਸਾਂ ਵਿੱਚ ਸੀ ਬੀ ਆਈ ਦੇ ਜਿਹੜੇ ਅਫ਼ਸਰਾਂ ਨੇ ਅਪਰਾਧੀਆਂ ਦੀ ਮਦਦ ਕੀਤੀ, ਉਨ੍ਹਾਂ ਨੂੰ ਸਜ਼ਾ ਦੀ ਥਾਂ ਤਰੱਕੀ ਜਾਂ ਵਿਦੇਸ਼ਾਂ ਵਿੱਚ ਤਾਇਨਾਤੀ ਦੇ ਕੇ ਸਨਮਾਨਤ ਕਿਉਂ ਕੀਤਾ ਗਿਆ? ਕੀ ਉਹ ਦੱਸਣਗੇ ਕਿ ਉਨ੍ਹਾਂ ਦੀ ਪਾਰਟੀ ਦੇ ਸਾਰੇ ਆਗੂ ਅਹੁਦਾ ਸੰਭਾਲਦੇ ਸਮੇਂ ਆਪੋ-ਆਪਣੀ ਜਾਇਦਾਦ ਦਾ ਪੂਰਾ ਵੇਰਵਾ ਜਨਤਾ ਨੂੰ ਕਿਉਂ ਨਹੀਂ ਦਿੰਦੇ? ਕੀ ਉਹ ਦੱਸਣਗੇ ਕਿ ਸੁਪਰੀਮ ਕੋਰਟ ਦੇ ਹੁਕਮ ਦੇ ਬਾਵਜੂਦ ਕੇਂਦਰੀ ਵਿਜੀਲੈਂਸ ਬਿਊਰੋ ਨੂੰ ਇਹ ਅਧਿਕਾਰ ਕਿਉਂ ਨਹੀਂ ਦਿੱਤਾ ਗਿਆ ਕਿ ਉਚ ਅਹੁਦਿਆਂ ਉੱਤੇ ਬਿਰਾਜਮਾਨ ਅਫ਼ਸਰਾਂ ਅਤੇ ਨੇਤਾਵਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਜਾਂਚ ਕਰਨ ਲਈ ਕਮਿਸ਼ਨ ਸੁਤੰਤਰ ਹੋਵੇ? ਕੀ ਉਹ ਦੱਸਣਗੇ ਕਿ ਉਨ੍ਹਾਂ ਨੇ ਆਪਣੇ ਰਾਜ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ੀ ਵਿਅਕਤੀਆਂ ਨੂੰ ਮਹੱਤਵ ਪੂਰਨ ਅਹੁਦਿਆਂ ਉੱਤੇ ਤਾਇਨਾਤ ਕਿਉਂ ਕੀਤਾ? ਕੀ ਦੇਸ਼ ਵਿੱਚ ਉਸੇ ਅਨੁਭਵ ਤੇ ਯੋਗਤਾ ਦੇ ਈਮਾਨਦਾਰ ਅਫ਼ਸਰਾਂ ਦੀ ਘਾਟ ਹੋ ਗਈ ਹੈ? ਕੀ ਸਰਕਾਰ ਦੱਸੇਗੀ ਕਿ ਸੀ ਬੀ ਆਈ ਦੇ ਭ੍ਰਿਸ਼ਟਾਚਾਰ ਦੇ ਵੱਡੇ ਮਾਮਲੇ ਠੰਢੇ ਬਸਤੇ ਵਿੱਚ ਪਏ ਹਨ, ਉਨ੍ਹਾਂ ਦੀ ਜਾਂਚ ਵਿੱਚ ਤੇਜ਼ੀ ਲਿਆਉਣ ਲਈ ਉਨ੍ਹਾਂ ਨੇ ਕੀ ਯਤਨ ਕੀਤੇ? ਜੇ ਨਹੀਂ ਤਾਂ ਕਿਉਂ ਨਹੀਂ? ਦਰਅਸਲ ਕੋਈ ਰਾਜਨੇਤਾ ਦੇਸ਼ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਨਹੀਂ ਕਰਨਾ ਚਾਹੁੰਦਾ, ਸਿਰਫ ਇਸ ਨੂੰ ਦੂਰ ਕਰਨ ਦਾ ਢਿੰਡੋਰਾ ਪਿੱਟ ਕੇ ਜਨਤਾ ਨੂੰ ਮੂਰਖ ਬਣਾਉਣਾ ਚਾਹੁੰਦਾ ਅਤੇ ਉਸ ਦੀਆਂ ਵੋਟਾਂ ਬਟੋਰੀਨੀਆਂ ਚਾਹੁੰਦਾ ਹੈ। ਇਹੀ ਕਾਰਨ ਹੈ ਕਿ ਚੋਣਾਂ ਤੋਂ ਠੀਕ ਪਹਿਲਾਂ ਵੱਡੇ-ਵੱਡੇ ਘਪਲੇ ਉਛਲਦੇ ਹਨ।

ਜਦੋਂ ਭਾਰਤ ਦੇ ਚੀਫ ਜਸਟਿਸ ਹੀ ਮੰਨ ਚੁੱਕੇ ਹਨ ਕਿ ਉਚ ਨਿਆ ਪਾਲਿਕਾ ਵਿੱਚ 20 ਫੀਸਦੀ ਲੋਕ ਭ੍ਰਿਸ਼ਟ ਹਨ ਤਾਂ ਕਿਵੇਂ ਮੰਨਿਆ ਜਾਵੇ ਕਿ ਸੈਂਕੜੇ ਕਰੋੜਾਂ ਰੁਪਇਆਂ ਦੇ ਘਪਲੇ ਕਰਨ ਵਾਲੇ ਸਿਆਸੀ ਆਗੂਆਂ ਨੂੰ ਸਜ਼ਾ ਮਿਲੇਗੀ। ਸਵਰਗੀ ਹਾਸਰਸ ਕਵੀ ਕਾਕਾ ਹਾਥਰਸੀ ਕਹਿੰਦੇ ਹੁੰਦੇ ਸਨ, "ਕਿਉਂ ਡਰਤਾ ਹੈ ਬੇਟਾ ਰਿਸ਼ਵਤ ਲੇਕਰ, ਛੂਟ ਜਾਏਗਾ ਤੂ ਭੀ ਰਿਸ਼ਵਤ ਦੇਕਰ।"

## ਮਿੰਨੀ ਕਹਾਣੀ

### ਦੁਆਵਾਂ ਦਾ ਅਸਰ

-ਨਮਰਤਾ ਸਰਨ 'ਸੋਨਾ'

'ਹਾਲਾਤ ਪਤਾ ਨਹੀਂ ਕਦੋਂ ਸੁਧਰਨਗੇ, ਕੋਰਟ ਪਿਛਲੇ ਇੱਕ ਸਾਲ ਤੋਂ ਬੰਦ ਹਨ, ਅਕਾਊਂਟ ਖਾਲੀ ਹੋ ਚੱਲਿਆ ਹੈ। ਅਧਿਕਾਰਕ ਅੰਕੜੇ ਪਤਾ ਨਹੀਂ, ਪਰ ਸੁਣਿਆ ਹੈ ਕਿ ਕੋਰੋਨਾ ਕਾਲ ਵਿੱਚ ਕਰੀਬ 150 ਵਕੀਲਾਂ ਨੇ ਜਾਂ ਆਤਮਹੱਤਿਆ ਕਰ ਲਈ ਜਾਂ ਮਾਨਸਿਕ ਦਬਾਅ ਦੇ ਕਾਰਨ ਹਾਰ ਟਅਟੈਕ ਜਾਂ ਬਰੇਨ ਹੈਮਰੇਜ ਦੇ ਕਾਰਨ ਮੌਤ ਦੇ ਮੂੰਹ ਵਿੱਚ ਚਲੇ ਗਏ। ਅੱਜ ਮੇਰੇ ਪਰਸ ਵਿੱਚ ਵੀ ਸਿਰਫ ਦੋ ਸੌ ਰੁਪਏ ਹਨ। ਕਲਾਈਂਟ ਵੀ ਆਉਂਦੇ ਨਹੀਂ ਕਿ ਵਕੀਲ ਸਾਬ੍ਹ ਫੀਸ ਮੰਗਣਗੇ। ਅਜੇ ਸਾਰੇ ਪ੍ਰੇਸ਼ਾਨ ਹਨ। ਉਹ ਤਾਂ ਈਸ਼ਵਰ ਦਾ ਹੀ ਸਹਾਰਾ ਹੈ।' ਅਨਿਲ ਨੇ ਇੱਕ ਲੰਬਾ ਸਾਹ ਲੈਂਦੇ ਹੋਏ ਕਿਹਾ।

'ਜਿਨ੍ਹਾਂ ਨੂੰ ਤੁਸੀਂ ਉਧਾਰ ਪੈਸੇ ਦਿੱਤੇ ਹੋਏ ਹਨ, ਉਨ੍ਹਾਂ ਨੂੰ ਆਖੋ ਕਿ ਪੈਸੇ ਵਾਪਸ ਕਰਨ, ਅਤੇ ਉਹ ਪੇਂਟਰ ਦਾਦਾ, ਜੋ ਇਸ ਪੂਰੇ ਕੋਰੋਨਾ ਕਾਲ ਵਿੱਚ ਸੌ-ਦੋ ਸੌ ਮੰਗ ਕੇ ਘੱਟ ਤੋਂ ਘੱਟ ਚਾਰ ਹਜ਼ਾਰ ਲੈ ਚੁੱਕੇ ਹਨ, ਉਨ੍ਹਾਂ ਨੂੰ ਆਖੋ ਕਿ ਜਲਦੀ ਪੈਸੇ ਮੋੜਨ, ਘਰ ਵਿੱਚ ਰਾਸ਼ਨ ਵੀ ਖਤਮ ਹੋਣ ਵਾਲਾ ਹੈ।' ਨਿਸ਼ਾ ਕੁਝ ਖਿੱਝਦੀ ਹੋਈ ਬੋਲੀ।

'ਨਿਸ਼ਾ, ਪੇਂਟਰ ਦਾਦਾ ਨੂੰ ਪੈਸੇ ਉਧਾਰ ਨਹੀਂ ਦਿੱਤੇ, ਉਹ ਵਿਚਾਰੇ ਕਿੱਥੇ ਲਿਆਉਣਗੇ, ਉਨ੍ਹਾਂ ਦਾ ਕਿਤੇ ਕੰਮ ਵੀ ਤਾਂ ਨਹੀਂ ਲੱਗ ਰਿਹਾ, ਮੈਂ ਉਨ੍ਹਾਂ ਨੂੰ ਕਿਹਾ ਨਹੀਂ, ਪਰ ਇਹ ਪੈਸੇ ਮੈਂ ਉਨ੍ਹਾਂ ਤੋਂ ਵਾਪਸ ਨਹੀਂ ਲਵਾਂਗਾ', ਅਨਿਲ ਨੇ ਕਿਹਾ।

'ਬਾਊ ਜੀ, ਜੇ ਸੌ ਰੁਪਏ ਮਿਲ ਜਾਂਦੇ ਤਾਂ ਬਹੁਤ ਮਿਹਰਬਾਨੀ ਹੋਵੇਗੀ, ਸਿਹਤ ਖਰਾਬ ਹੈ, ਇੰਜੈਕਸ਼ਨ ਲਵਾਉਣਾ ਹੈ। ਬਾਊ ਜੀ ਤੁਸੀਂ ਸਾਰੇ ਪੈਸੇ ਲਿਖਦੇ ਜਾਓ, ਕੰਮ ਲੱਗਦੇ ਹੀ ਮੈਂ ਸਭ ਮੋੜ ਦਿਆਂਗਾ, ਅਜੇ ਬਹੁਤ ਜ਼ਰੂਰਤ ਹੈ, ਸੌ ਰੁਪਏ ਦੇ ਦਿਓ', ਪੇਂਟਰ ਦਾਦਾ ਹੱਥ ਜੋੜ ਕੇ ਬੋਲੇ। ਬਹੁਤ ਬਿਮਾਰ ਦਿੱਸ ਰਹੇ ਸਨ।

'ਕੀ ਕਰਾਂ, ਬਟੂਏ ਵਿੱਚ ਸਿਰਫ ਦੋ ਸੌ ਹਨ।' ਸ਼ਸ਼ੋਪੰਜ ਵਿੱਚ ਨਿਸ਼ਾ ਵੱਲ ਦੇਖਦੇ ਅਨਿਲ ਨੇ ਹੌਲੀ ਜਿਹੀ ਕਿਹਾ।

'ਦੇ ਦਿਓ, ਜੋ ਹੋਵੇਗਾ ਦੇਖਿਆ ਜਾਏਗਾ।' ਨਿਸ਼ਾ ਨੇ ਜਿਵੇਂ ਉਸ ਦੇ ਮਨਚਾਹੀ ਗੱਲ ਕਹਿ ਦਿੱਤੀ। 'ਇਹ ਲਓ ਦਾਦਾ, ਪਰ ਇੰਜੈਕਸ਼ਨ ਜ਼ਰੂਰ ਲਗਵਾ ਲੈਣਾ।' ਅਨਿਲ ਨੇ ਪੈਸੇ ਦਿੰਦੇ ਹੋਏ ਕਿਹਾ।

'ਜੀ ਬਾਊਜੀ, ਭਗਵਾਨ ਤੁਹਾਡੀ ਹਰ ਮੁਰਾਦ ਪੂਰੀ ਕਰੇ।' ਅਸੀਸ ਦਿੰਦਾ ਹੋਇਆ ਦਾਦਾ ਚਲਾ ਗਿਆ।

'ਟ੍ਰਿੰਗ ਟ੍ਰਿੰਗ..', ਮੋਬਾਈਲ ਵੱਜਿਆ।

'ਹੈਲੋ...।'

'ਨਮਸਤੇ, ਵਕੀਲ ਸਾਬ੍ਹ, ਰਾਮੇਸਰ ਬੋਲ ਰਿਹਾ ਹਾਂ, ਰਮਨਗਾਓਂ ਤੋਂ, ਭੋਪਾਲ ਆ ਰਿਹਾਂ, ਤੁਹਾਡੇ ਲਈ ਇੱਕ ਬੋਰੀ ਕਣਕ ਅਤੇ ਇੱਕ ਕੱਟਾ ਚਾਵਲ ਲਿਆ ਰਿਹਾ ਹਾਂ, ਤੁਹਾਡੀ ਫੀਸ ਵੀ ਦੇ ਜਾਵਾਂਗਾ, ਫਸਲ ਦੇ ਪੈਸੇ ਆ ਗਏ ਹਨ, ਸੋਚਿਆ ਤੁਸੀਂ ਵੀ ਤਕਲੀਫ ਵਿੱਚ ਹੋਵੋਗੇ, ਸੋ ਅੱਜ ਆ ਰਿਹਾ ਹਾਂ। ਭਰਜਾਈ ਜੀ ਦੇ ਲਈ ਸੁੱਲੀ ਚਨੇ ਦੀ ਅਤੇ ਮੇਥੀ ਦੀ ਭਾਜੀ ਵੀ ਲਿਆਵਾਂਗਾ, ਜੈ ਰਾਮ ਜੀ ਕੀ।'

"ਦੇਖਿਆ ਨਿਸ਼ਾ, ਦੁਆਵਾਂ ਦਾ ਅਸਰ।"

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, Angrez Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

ਨੈਨੀ ਦੀ ਲੋੜ

Queen and credit view area ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ:
416-556-6884

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005

Best Canadian Truck & Forklift Training Centre



- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal
Co-Host

Iqbal Mahal
Producer & Host

Serving the South Asian Community Since 1976

PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224



KAMAL SANDHU
Sales Representative
647.891.0143

RE/MAX GOLD
realtorkamalsandhu@gmail.com
www.arearealtor.com

Looking For a Nest..? Call the Best




CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2455 | 42' |

EXCLUSIVE FOR SALE IN WOODSTOCK



CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2250 | 36' |

FOR SALE

EXCLUSIVE

JAMES C

KAMAL SANDHU RE/MAX GOLD REALTY INC BROKERAGE

# ਲੋਕ-ਰਾਜ ਤਾਂ ਭਾਰਤ ਦੇ ਕਿਸੇ ਖੂੰਜੇ ਬੈਠਾ ਅੱਖਾਂ ਵਿੱਚ ਘਸੁੰਨ ਦੇ-ਦੇ ਕੇ ਰੋਂਦਾ ਹੋਣੈ



ਜਤਿੰਦਰ ਪੰਨੂ

ਸ਼ਿਵ ਬਟਾਲਵੀ ਨੇ ਪਤਾ ਨਹੀਂ ਕਿਸ ਰੰਗ ਵਿੱਚ ਲਿਖਿਆ ਹੋਵੇ; 'ਮੈਂ ਮਸੀਹਾ ਵੇਖਿਆ, ਬੀਮਾਰ ਤੇਰੇ ਸ਼ਹਿਰ ਦਾ। ਰੋਗ ਬਣ ਕੇ ਰਹਿ ਗਿਆ ਪਿਆਰ ਤੇਰੇ ਸ਼ਹਿਰ ਦਾ'। ਮੈਨੂੰ ਇਹ ਸਤਰਾਂ ਓਦੋਂ ਸੁੱਝੀਆਂ, ਜਦੋਂ ਇੱਕ ਸੱਜਣ ਨੇ ਇਹ ਗੱਲ ਪੁੱਛ ਲਈ ਕਿ ਅੱਜ ਦੇ ਭਾਰਤ ਦੇਸ਼ ਦਾ ਲੋਕਤੰਤਰ ਸਹੀ ਅਰਥਾਂ ਵਿੱਚ ਲੋਕਤੰਤਰ ਵਜੋਂ ਤੋਲਣਾ ਹੋਵੇ ਤਾਂ ਤੁਸੀਂ ਇਸ ਨੂੰ ਕਿਸ ਪੱਧਰ ਦਾ ਕਹਿ ਸਕਦੇ ਹੋ! ਇਹ ਸਵਾਲ ਡਾਢਾ ਔਖਾ ਸੀ। ਮੈਂ ਜਿਉਂ-ਜਿਉਂ ਭਾਰਤ ਦੀ ਪਾਰਲੀਮੈਂਟ ਅਤੇ ਰਾਜਾਂ ਦੇ ਵਿਧਾਨ ਮੰਡਲਾਂ ਵੱਲ ਨਜ਼ਰ ਮਾਰੀ ਜਾਵਾਂ, ਉਨ੍ਹਾਂ ਵਿੱਚ ਲੋਕਤੰਤਰੀ ਰਿਵਾਇਤਾਂ ਲੱਭਣੀਆਂ ਔਖੀਆਂ ਹੋਈ ਜਾਣ ਅਤੇ ਉਨ੍ਹਾਂ ਦੀ ਥਾਂ ਇਹ ਪ੍ਰਭਾਵ ਬਣਦਾ ਜਾਵੇ ਕਿ ਜਿਹੜੇ ਹਾਲਾਤ ਵਿੱਚ ਇਹ ਲੋਕਤੰਤਰ ਪਹੁੰਚ ਗਿਆ ਹੈ, ਇਹ ਭਾਰਤ ਵਿਚ ਕਿੰਨਾ ਕੁ ਚਿਰ ਟਿਕਿਆ ਰਹੇਗਾ ਅਤੇ ਅਰਾਜਕਤਾ ਇਸ ਨੂੰ ਖੂੰਜੇ ਲਾਉਣ ਵਿੱਚ ਕਿੰਨੇ ਕੁ ਸਾਲ ਹੋਰ ਲਾਵੇਗੀ! ਮਨ ਵਿੱਚ ਪਿਛਲੇ ਅੱਧੀ ਸਦੀ ਦੇ ਦ੍ਰਿਸ਼ਟਾਂਤ ਸੁਖਾਵੇਂ ਮੁੱਢ ਤੋਂ ਚੱਲੀ ਅਤੇ ਦੁਖਾਂਤਕ ਦੌਰ ਵਿੱਚ ਮੁੱਕਣ ਵਾਲੀ ਫਿਲਮ ਬਣਦੇ ਗਏ।

ਪੰਜਤਾਲੀ ਕੁ ਸਾਲ ਪਹਿਲਾਂ ਜਦੋਂ ਅਸੀਂ ਅਖਬਾਰਾਂ ਪੜ੍ਹਨ ਅਤੇ ਰਾਜਨੀਤੀ ਨੂੰ ਸਮਝਣ ਜੋਗੇ ਹੋਏ ਤਾਂ ਵਿਧਾਨ ਸਭਾ ਹੋਵੇ ਜਾਂ ਪਾਰਲੀਮੈਂਟ, ਲੋਕ ਉਨ੍ਹਾਂ ਦੇ ਅਜਲਾਸਾਂ ਵਿੱਚ ਹੁੰਦੀਆਂ ਬਹਿਸਾਂ ਪੜ੍ਹ ਕੇ ਵੱਖੋ-ਵੱਖ ਲੀਡਰਾਂ ਦੇ ਭਾਸ਼ਣਾਂ ਦੀ ਚਰਚਾ ਕਰਦੇ ਹੁੰਦੇ ਸਨ। ਓਦੋਂ ਪੰਜਾਬ ਦੀ ਸਰਕਾਰ ਦੇ ਮੁਖੀ ਗਿਆਨੀ ਜ਼ੈਲ ਸਿੰਘ ਹੁੰਦੇ ਸਨ ਅਤੇ ਵਿਰੋਧੀ ਧਿਰ ਦੇ ਆਗੂ ਉਨ੍ਹਾਂ ਦੇ ਆਪਣੇ ਪਿੰਡ ਦੇ ਅਕਾਲੀ ਵਿਧਾਇਕ ਜਸਵਿੰਦਰ ਸਿੰਘ ਬਰਾੜ ਸਨ। ਦੋਵੇਂ ਆਪਣੀ-ਆਪਣੀ ਰਾਜਨੀਤੀ ਦੇ ਪੱਕੇ ਸਨ, ਪਰ ਇੱਕ ਸਦਾਚਾਰ ਦਾ ਰਿਸ਼ਤਾ ਆਪਸ ਵਿੱਚ ਲਗਾਤਾਰ ਨਿਭਾਉਂਦੇ ਹੁੰਦੇ ਸਨ। ਫਿਰ ਅਸੀਂ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਅਤੇ ਬਲਰਾਮ ਜਾਖੜ ਹੁਰਾਂ ਦੇ ਆਪੋਜ਼ੀਸ਼ਨ ਲੀਡਰੀ ਦੇ ਦਿਨ ਵੇਖੇ, ਜਿਨ੍ਹਾਂ ਵਿੱਚ ਹਰ ਮੁੱਦੇ ਉੱਤੇ ਭਖਵੀਂ ਬਹਿਸ ਦੇ ਬਾਵਜੂਦ ਸ਼ਬਦਾਂ ਤੇ ਸੰਬੰਧਾਂ ਦੀ ਮਹਿਮਾ ਕਾਇਮ ਰੱਖੀ ਜਾਂਦੀ ਸੀ। ਅਸੈਂਬਲੀ ਵਿੱਚ ਕਾਮਰੇਡ ਸਤਪਾਲ ਡਾਂਗ, ਭਾਜਪਾ ਆਗੂ ਬਲਰਾਮਜੀ ਦਾਸ ਟੰਡਨ ਅਤੇ ਸਮਾਜਵਾਦੀ ਪਾਰਟੀ ਤੋਂ ਚੱਲ ਕੇ ਚੀਫ ਖਾਲਸਾ ਦੀਵਾਨ ਦੀ ਪ੍ਰਧਾਨਗੀ ਤੱਕ ਪਹੁੰਚਣ ਵਾਲੇ ਕ੍ਰਿਪਾਲ ਸਿੰਘ ਅਤੇ ਹੋਰਨਾਂ ਵਿਚਾਲੇ ਹਰ ਮੁੱਦੇ ਉਤੇ ਠੋਸ ਦਲੀਲਾਂ ਵਾਲੀ ਬਹਿਸ ਹੁੰਦੀ ਵੀ ਵੇਖੀ ਸੀ। ਜਦੋਂ ਦੇਸ਼ ਦੀ ਪਾਰਲੀਮੈਂਟ ਦੀ ਗੱਲ ਆਉਂਦੀ ਹੈ ਤਾਂ ਓਥੇ ਵੀ ਦਲੀਲਾਂ ਦੇ ਧਨੀ ਮੈਂਬਰ ਬਹਿਸਾਂ ਕਰਿਆ ਕਰਦੇ ਸਨ।

ਫਿਰ ਨਵਾਂ ਮਾਹੌਲ ਬਣਨ ਲੱਗ ਪਿਆ। ਇੱਕ ਮੌਕੇ ਤਾਮਿਲ ਨਾਡੂ ਦੀ ਵਿਧਾਨ ਸਭਾ ਵਿੱਚ ਬਹਿਸ ਤੋਂ ਗੱਲ ਝਗੜੇ ਤੱਕ ਜਾ ਪਹੁੰਚੀ ਤੇ ਹੱਥੋ-ਪਾਈ ਵਿੱਚ ਜੈਲਲਿਤਾ ਦੀ ਸਾੜ੍ਹੀ ਦਾ ਇੱਕ ਕੋਨਾ ਪਾਟ ਜਾਣ ਤੋਂ ਬਾਅਦ ਉਸ ਨੇ ਬਾਹਰ ਆ ਕੇ ਕਿਹਾ ਸੀ: 'ਹਾਊਸ ਵਿੱਚ ਮੇਰੀ ਇੱਜ਼ਤ ਨੂੰ ਹੱਥ ਪਾਉਣ ਦਾ ਯਤਨ ਕੀਤਾ ਗਿਆ ਹੈ।' ਮੱਧ ਪ੍ਰਦੇਸ਼ ਵਿੱਚ ਇੱਕ ਵਿਧਾਇਕ ਨੇ ਇੱਕ ਵਾਰੀ ਆਪਣੀ ਧੋਤੀ ਖੋਲ੍ਹਣ ਦੀ ਧਮਕੀ ਦਿੱਤੀ ਤਾਂ ਦੂਸਰੇ ਮੈਂਬਰਾਂ ਨੇ ਬੜੀ ਮੁਸ਼ਕਲ ਰੋਕਿਆ ਸੀ। ਇਸ ਧਮੱਚੜ ਨੂੰ ਸ਼ੁਰੂ ਵਿੱਚ ਰੋਕਿਆ ਜਾਂਦਾ ਤਾਂ ਮਿਆਰ ਕਾਇਮ ਰਹਿ ਜਾਂਦੇ, ਪਰ ਰੱਖੇ ਨਹੀਂ ਸਨ ਗਏ। ਅੱਜ ਪਾਰਲੀਮੈਂਟ ਤੋਂ ਵਿਧਾਨ ਸਭਾਵਾਂ ਤੱਕ ਹਰ ਥਾਂ ਹਰ ਗੱਲ ਉੱਤੇ ਏਨਾ ਧਮੱਚੜ ਪੈਂਦਾ ਹੈ ਕਿ ਕੰਮ ਦੀ ਗੱਲ ਦੀ ਆਸ ਹੀ ਨਹੀਂ ਰੱਖੀ ਜਾ ਸਕਦੀ ਤੇ ਇੱਕ ਦੂਸਰੇ ਦੀ ਇੱਜ਼ਤ ਉਛਾਲਣਾ ਆਮ ਗੱਲ ਬਣ ਗਈ ਹੈ। ਓਦੋਂ ਸਪੀਕਰ ਆਮ ਕਰ ਕੇ ਹੁੱਲੜਬਾਜ਼ੀ ਤੋਂ ਪ੍ਰਹੇਜ਼ ਕਰਨ ਲਈ ਕਹਿੰਦੇ ਅਤੇ ਖੁਦ ਵੀ ਬੰਧੇਜ ਵਿੱਚ ਰਹਿੰਦੇ ਹੁੰਦੇ ਸਨ, ਅੱਜਕੱਲ੍ਹ ਸਪੀਕਰਾਂ ਦਾ ਵੀ ਉਹ ਮਿਆਰ ਨਹੀਂ ਰਿਹਾ।

ਪੰਜਾਬ ਵਿਧਾਨ ਸਭਾ ਵਿੱਚ ਇਸ ਵਾਰੀ ਜੋ ਕੁਝ ਹੋਇਆ ਹੈ, ਉਹ ਬੇਅਸੂਲੀ ਹੁੱਲੜਬਾਜ਼ੀ ਦੀਆਂ ਹੱਦਾਂ ਟੱਪ ਜਾਣ ਵਾਲਾ ਹੈ। ਵਿਰੋਧੀ ਧਿਰ ਹੁੱਲੜਬਾਜ਼ੀ ਕਰੇ ਤਾਂ ਹਾਕਮ ਧਿਰ ਨੂੰ ਹਾਊਸ ਚੱਲਦਾ ਰੱਖਣ ਵਾਸਤੇ ਯਤਨ ਕਰਨੇ ਪਿਆ ਕਰਦੇ ਹਨ, ਪਰ ਇਸ ਵਾਰੀ ਓਥੇ ਹਾਕਮ ਧਿਰ ਦੇ ਵਿਧਾਇਕ ਵੀ ਹੱਦਾਂ ਟੱਪਦੇ ਵੇਖੇ ਗਏ। ਮੈਂ ਕਿਸੇ ਪਾਰਟੀ ਦੇ ਕਿਸੇ ਆਗੂ ਦਾ ਨਾਂਅ ਨਹੀਂ ਲੈ ਰਿਹਾ, ਕਿਉਂਕਿ ਜਿਵੇਂ ਸਿਫਤ ਕਰਦੇ ਸਮੇਂ ਕਿਸੇ ਦਾ ਨਾਂਅ ਰਹਿ ਜਾਣ ਨਾਲ ਉਸ ਦੇ ਰੁੱਸਣ ਦਾ ਡਰ ਹੁੰਦਾ ਹੈ, ਓਦਾਂ ਹੀ ਇਨ੍ਹਾਂ ਦੇ ਵਿਹਾਰ ਦੀ ਨਿੰਦਾ ਕਰਦਿਆਂ ਕਿਸੇ ਦਾ ਨਾਂਅ ਲੈਣ ਤੋਂ ਰਹਿ ਗਿਆ ਤਾਂ ਉਸ ਨਾਲ ਕਿਸੇ ਤਰ੍ਹਾਂ ਦਾ ਲਿਹਾਜ ਕੀਤਾ ਜਾਪਣ ਲੱਗੇਗਾ। ਇੱਕ ਮਸਲਾ ਇਹੋ ਜਿਹਾ ਹੈ, ਜਿਸ ਵਿੱਚ ਸਿਰਫ ਇੱਕ ਵਿਧਾਇਕ ਜਦੋਂ ਬੋਲਣ ਲੱਗਾ ਤਾਂ ਬਾਕੀ ਸਾਰੀਆਂ ਪਾਰਟੀਆਂ ਦੇ ਵਿਧਾਇਕਾਂ ਨੇ ਉਹ ਉੱਧੜਧੁੰਮੀ ਚੁੱਕੀ ਕਿ ਉਸ ਨੂੰ ਬੋਲਣ ਦੀ ਥਾਂ ਬਾਹਰ ਚਲੇ ਜਾਣਾ ਵੱਧ ਚੰਗਾ ਲੱਗਾ। ਬਾਕੀ ਧਿਰਾਂ ਵਾਲੇ ਇਸ ਤੋਂ ਖੁਸ਼ ਹੋਣਗੇ, ਪਰ ਅਸਲ ਵਿੱਚ ਇਹ ਬੇਵਕੂਫੀ ਦਾ ਕੰਮ ਸੀ, ਜਿਹੜਾ ਨਾ ਕੀਤਾ ਜਾਂਦਾ ਤਾਂ ਚੰਗਾ ਹੋਣਾ ਸੀ। ਉਹ ਵਿਧਾਇਕ ਭਾਜਪਾ ਸੀ। ਚਾਰ ਸਾਲ ਪਹਿਲਾਂ ਦੀ ਚੋਣ ਦੌਰਾਨ ਭਾਜਪਾ ਦੇ ਤਿੰਨ ਜਣੇ ਜਿੱਤੇ ਸਨ, ਫਿਰ ਉੱਪ ਚੋਣ ਵਿੱਚ ਇੱਕ ਸੀਟ ਭਾਜਪਾ ਦੀ ਘਟ ਗਈ ਤੇ ਬਾਕੀ ਦੋਂਹ ਵਿੱਚੋਂ ਇੱਕੋ ਜਣਾ ਹਾਊਸ ਵਿੱਚ ਉਸ ਦਿਨ ਗਿਆ ਸੀ। ਜੇ ਉਹ ਚਾਰ ਮਿੰਟ ਬੋਲ ਕੇ ਆਪਣੀ ਗੱਲ ਕਹਿ ਲੈਂਦਾ ਤਾਂ ਇੱਕ ਸੌ ਸਤਾਰਾਂ ਦੀ ਵਿਧਾਨ ਸਭਾ ਵਿੱਚੋਂ ਭਾਜਪਾ ਦੇ ਦੋ ਮੈਂਬਰਾਂ ਅਤੇ ਸਪੀਕਰ ਨੂੰ ਛੱਡ ਕੇ ਬਾਕੀ ਇੱਕ ਸੌ ਚੌਦਾਂ ਜਣੇ ਭਾਜਪਾ ਦੇ ਇੱਸ ਵਿਧਾਇਕ ਦੀ ਗੱਲ ਦੀ ਕਾਟ ਕਰ ਸਕਦੇ ਸਨ। ਉਸ ਵਿਰੁੱਧ ਇਤਰਾਜ਼ ਇਹ ਹੋਇਆ ਕਿ ਉਸ ਦੀ ਪਾਰਟੀ ਕਿਸਾਨ ਸੰਘਰਸ਼ ਦਾ ਵਿਰੋਧ ਕਰਨ ਵਾਲੀ ਧਿਰ ਹੈ। ਇਹ ਗੱਲ ਸੰਵਿਧਾਨ ਵਿੱਚ ਕਿਤੇ ਨਹੀਂ ਲਿਖੀ ਕਿ ਵਿਚਾਰ ਵੱਖ ਹੋਣ ਤਾਂ ਉਸ ਨੂੰ ਹਾਊਸ ਵਿੱਚ ਬੋਲਣ ਦਾ ਹੱਕ ਨਹੀਂ ਹੋਵੇਗਾ। ਅੱਜ ਏਥੇ ਕਾਂਗਰਸ, ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰਾਂ ਨੇ ਉਸ ਭਾਜਪਾ ਵਾਲੇ ਨੂੰ ਬੋਲਣ ਨਹੀਂ ਦਿੱਤਾ, ਜੇ ਕੱਲ੍ਹ ਨੂੰ ਲੋਕ ਸਭਾ ਦੇ ਪੰਜ ਸੌ ਤਿਰਤਾਲੀਆਂ ਵਿੱਚ ਪੰਜਾਬ ਦੇ ਤੇਰਾਂ ਵਿੱਚੋਂ ਭਾਜਪਾ ਦੇ ਦੋ ਕੱਢ ਕੇ ਬਾਕੀ ਗਿਆਰਾਂ ਨੂੰ ਬੋਲਣ ਤੋਂ ਉਨ੍ਹਾਂ ਨੇ ਏਸੇ ਤਰ੍ਹਾਂ ਰੋਕਣ ਲਈ ਹੱਲਾ-ਗੁੱਲਾ ਵਿੱਢ ਲਿਆ ਤਾਂ ਇਸ ਨਾਲ ਜਲੂਸ ਕਿਸ ਦਾ ਨਿਕਲੇਗਾ? ਭਾਜਪਾ ਵਾਲੇ ਤਾਂ ਏਦਾਂ ਦੇ ਹੰਗਾਮੇ ਕਰਨ ਵਿੱਚ ਬਾਕੀਆਂ ਨਾਲੋਂ ਉਂਝ ਵੀ ਵੱਧ ਮਾਹਰ ਸਮਝੇ ਜਾਂਦੇ ਹਨ। ਲੋਕ-ਰਾਜ ਵਿੱਚ ਹਰ ਚੁਣੇ ਹੋਏ ਪ੍ਰਤੀਨਿਧ ਨੂੰ ਆਪਣਾ ਪੱਖ ਪੇਸ਼ ਕਰਨ ਦਾ ਹੱਕ ਹੈ, ਜੇ ਕੋਈ ਸੁਣਨਾ ਨਹੀਂ ਚਾਹੁੰਦਾ ਤਾਂ ਉੱਠ ਕੇ ਬਾਹਰ ਚਲਾ ਜਾਵੇ, ਪਰ ਕਿਸੇ ਦਾ ਬੋਲਣ ਦਾ ਹੱਕ ਨਹੀਂ ਖੋਹਿਆ ਜਾ ਸਕਦਾ। ਇੰਜ ਕਰ ਕੇ ਨਾ ਭਾਜਪਾ ਦੀ ਨੀਤੀ ਬਦਲਣੀ ਹੈ, ਨਾ ਨੀਤ, ਪਰ ਪੰਜਾਬ ਦੇ ਵਿਧਾਇਕਾਂ ਦੀ ਅਕਲ ਸਾਹਮਣੇ ਆ ਗਈ ਹੈ।

ਲੋਕ-ਰਾਜ ਜਿਨ੍ਹਾਂ ਦੇਸ਼ਾਂ ਤੋਂ ਤੁਰਿਆ ਸੀ, ਓਥੇ ਵੀ ਬਿਨਾਂ ਸ਼ੱਕ ਓਦੋਂ ਜਿੰਨਾ ਸੁਥਰਾ ਨਹੀਂ ਰਿਹਾ, ਪਰ ਵਿਕਾਸ ਦੀ ਯਾਤਰਾ ਕਰਦਾ-ਕਰਦਾ ਭਾਰਤ ਵਰਗੇ ਦੇਸ਼ਾਂ ਵਿੱਚ ਪਹੁੰਚ ਕੇ ਤਾਂ ਆਪਣੇ ਆਪ ਵਿੱਚ ਹੀ ਸ਼ਰਮਿੰਦਾ ਮਹਿਸੂਸ ਕਰਨ ਲੱਗ ਪਿਆ ਹੋਵੇਗਾ। ਅਸੀਂ ਜਦੋਂ ਪੰਜਤਾਲੀ ਕੁ ਸਾਲ ਪਹਿਲਾਂ ਦੀਆਂ ਗੰਭੀਰ ਬਹਿਸਾਂ ਤੇ ਸਦਾਚਾਰੀ ਪੱਧਰ ਦਾ ਚੇਤਾ ਕਰਦੇ ਹਾਂ ਤਾਂ ਇਸ ਦਾ ਆਖਰੀ ਝਲਕਾਰਾ ਓਦੋਂ ਮਿਲਿਆ ਸੀ, ਜਦੋਂ ਚੌਦਾਂ ਕੁ ਸਾਲ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਚੌਥੀ ਵਾਰੀ ਇਸ ਰਾਜ ਦੇ ਮੁੱਖ ਮੰਤਰੀ ਬਣੇ ਸਨ ਅਤੇ ਨਵੀਂ ਪੀੜ੍ਹੀ ਕਾਂਗਰਸ ਤੇ ਅਕਾਲੀ ਦਲ ਦੋਵੇਂ ਪਾਸੇ ਅਜੇ ਬੇਲ-ਗਾਮ ਨਹੀਂ ਸੀ ਹੋਈ। ਕੌੜੇ ਸ਼ਬਦ ਮੁੱਖ ਮੰਤਰੀ ਬਾਦਲ ਤੇ ਵਿਰੋਧੀ ਧਿਰ ਵੱਲੋਂ ਵੀ ਕੁਝ ਲੋਕ ਕਹਿ ਜਾਂਦੇ ਸਨ, ਪਰ ਇੱਕ ਹੱਦ ਫਿਰ ਵੀ ਕਾਇਮ ਰਹਿੰਦੀ ਸੀ। ਮੁੱਖ ਮੰਤਰੀ ਬੋਲਦਾ ਹੋਵੇ ਤਾਂ ਉਸ ਦੀ ਗੱਲ ਸੁਣਨ ਤੋਂ ਰੋਕਣ ਦਾ ਰਿਵਾਜ ਹਾਲੇ ਨਹੀਂ ਸੀ ਪਿਆ। ਪੰਜਾਬ ਕਾਂਗਰਸ ਦੇ ਅਜੋਕੇ ਪ੍ਰਧਾਨ ਸੁਨੀਲ ਜਾਖੜ ਦੇ ਆਪੋਜ਼ੀਸ਼ਨ ਲੀਡਰ ਹੁੰਦਿਆਂ ਸਦਾਚਾਰ ਇਸ ਹੱਦ ਤੱਕ ਹੁੰਦਾ ਸੀ ਕਿ ਉਹ ਉਮਰ ਦਾ ਲਿਹਾਜ਼ ਕਰ ਕੇ ਮੁੱਖ ਮੰਤਰੀ ਬਾਦਲ ਦੇ ਗੋਡੀਂ ਹੱਥ ਲਾ ਦੇਂਦੇ ਸਨ। ਅਗਲਾ ਪੜਾਅ ਓਦੋਂ ਆਇਆ ਸੀ, ਜਦੋਂ ਯੋਜਨਾ ਕਮਿਸ਼ਨ ਦੀ ਮੀਟਿੰਗ ਵਾਸਤੇ ਦਿੱਲੀ ਪਹੁੰਚੇ ਤਾਂ ਸੁਨੀਲ ਜਾਖੜ ਨੇ ਬਾਦਲ ਦੇ ਪੈਰੀਂ ਹੱਥ ਲਾਏ ਅਤੇ ਅਕਾਲੀ ਦਲ ਦੀ ਨਵੀਂ ਪੀੜ੍ਹੀ ਨੇ ਉਹ ਫੋਟੋ ਮੀਡੀਏ ਵਿੱਚ ਉਚੇਚੀ ਇਹ ਕਹਿ ਕੇ ਪੇਸ਼ ਕਰਵਾਈ ਕਿ ਕਾਂਗਰਸ ਵਾਲੇ ਤਾਂ ਮੁੱਖ ਮੰਤਰੀ ਬਦਲ ਦੇ ਗੋਡੀਂ ਝੁਕਦੇ ਫਿਰਦੇ ਹਨ। ਸੁਨੀਲ ਜਾਖੜ ਦਾ ਝੱਟ ਬਿਆਨ ਆ ਗਿਆ ਕਿ ਬਜ਼ੁਰਗ ਦਾ ਸਤਿਕਾਰ ਕਰਨ ਲਈ ਮੈਂ ਉਨ੍ਹਾਂ ਦੇ ਗੋਡੀਂ ਹੱਥ ਲਾਉਂਦਾ ਹੁੰਦਾ ਸੀ, ਅਕਾਲੀ ਦਲ ਦੀ ਲੀਡਰਸ਼ਿਪ ਇਸ ਤੋਂ ਵੀ ਲਾਹਾ ਲੈਣਾ ਚਾਹੁੰਦੀ ਹੈ ਤਾਂ ਅੱਜ ਤੋਂ ਬਾਅਦ ਨਹੀਂ ਲਾਏ ਜਾਣਗੇ। ਸਦਾਚਾਰ ਉੱਤੇ ਕਦਾਚਾਰ ਦੇ ਭਾਰੂ ਹੋਣ ਨਾਲ ਕਿਸੇ ਇੱਕ ਜਾਂ ਦੂਸਰੇ ਲੀਡਰ ਦਾ ਜਲੂਸ ਨਹੀਂ ਨਿਕਲਿਆ, ਪੰਜਾਬ ਵਿਚਲੇ ਲੋਕ-ਰਾਜ ਦੀ ਗਿਰਾਵਟ ਦਾ ਸਿਖਰ ਹੋਣ ਦੇ ਸੰਕੇਤ ਬਾਹਰ ਆ ਗਏ ਸਨ। ਇਸ ਵਾਰ ਪੰਜਾਬ ਦੀ ਵਿਧਾਨ ਸਭਾ ਵਿੱਚ ਜਿਸ ਤਰ੍ਹਾਂ ਧਮੱਚੜ ਪਾਇਆ ਗਿਆ, ਉਸ ਨੂੰ ਸੋਚਣ ਵੇਲੇ ਅਚਾਨਕ ਬਾਹਰ ਖੜੀ ਕਿਸੇ ਗੱਡੀ ਵਿੱਚ ਚੱਲਦੀ ਸੀ ਡੀ ਤੋਂ ਇਹ ਗਾਣਾ ਵੱਜ ਪਿਆ ਕਿ 'ਮੈਂ ਮਸੀਹਾ ਵੇਖਿਆ, ਬੀਮਾਰ ਤੇਰੇ ਸ਼ਹਿਰ ਦਾ। ਰੋਗ ਬਣ ਕੇ ਰਹਿ ਗਿਆ ਪਿਆਰ ਤੇਰੇ ਸ਼ਹਿਰ ਦਾ'। ਮੈਨੂੰ ਇੰਜ ਲੱਗਣ ਲੱਗ ਪਿਆ, ਜਿਵੇਂ ਗਾਣੇ ਦੇ ਅਜੋਕੇ ਬੋਲ 'ਰੋਗ ਬਣ ਕੇ ਰਹਿ ਗਿਆ ਪਿਆਰ ਤੇਰੇ ਸ਼ਹਿਰ ਦਾ' ਵਾਂਗ ਰਾਜਨੀਤੀ ਦੇ ਖੇਤਰ ਲਈ ਲਿਖਣੇ ਹੋਣ ਤਾਂ 'ਰੋਗ ਬਣ ਕੇ ਰਹਿ ਗਿਆ ਲੋਕ-ਰਾਜ ਤੇਰੇ ਦੇਸ਼ ਦਾ' ਲਿਖਣ ਦੀ ਗੁਸਤਾਖੀ ਕੀਤੀ ਜਾ ਸਕਦੀ ਹੈ। ਉਂਜ ਇਹ ਗੀਤ ਨਹੀਂ ਹੋਣਾ, ਸ਼ਿਵ ਬਟਾਲਵੀ ਦੇ ਗੀਤ ਦੀ ਪੈਰੋਡੀ ਹੋਵ-ੇਗਾ, ਪਰ ਜੋ ਕੁਝ ਭਾਰਤ ਵਿੱਚ ਸਾਨੂੰ ਵੇਖਣਾ ਪੈ ਰਿਹਾ ਹੈ, ਉਹ ਵੀ ਕੋਈ ਲੋਕ-ਰਾਜ ਨਹੀਂ, ਲੋਕ-ਰਾਜ ਦੀ ਇੱਕ ਪੈਰੋਡੀ ਵਰਗਾ ਹੀ ਹੈ, ਅਸਲੀ ਲੋਕ-ਰਾਜ ਤਾਂ ਕਿਸੇ ਖੂੰਜੇ ਬੈਠਾ ਅੱਖਾਂ ਵਿੱਚ ਘਸੁੰਨ ਦੇ ਕੇ ਰੋਂਦਾ ਹੋਵੇਗਾ ਕਿ ਜੇ ਮੇਰੇ ਉੱਤੇ ਆਹ ਦਿਨ ਹੀ ਆਉਣੇ ਸਨ ਤਾਂ ਇਹੋ ਜਿਹੇ ਦੇਸ਼ ਵਿੱਚ ਆਉਣ ਦੀ ਲੋੜ ਕੀ ਸੀ!

# ਲੋਕ ਪੀੜਾ ਤੋਂ ਅਣਜਾਣ ਨੇਤਾ

-ਲਕਸ਼ਮੀ ਕਾਂਤਾ ਚਾਵਲਾ-

ਭਾਰਤ ਦੀ ਪਾਰਲੀਮੈਂਟ (ਲੋਕਤੰਤਰ ਦੇ ਮੰਦਰ) ਵਿੱਚ ਬੀਤੇ ਦਿਨੀਂ ਬਜਟ ਸੈਸ਼ਨ ਹੋਇਆ ਤੇ ਕਈ ਦਿਨ ਚੱਲਿਆ ਅਤੇ ਫਿਰ ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਸ਼ੁਰੂ ਹੋ ਗਿਆ। ਇਹ ਆਸ ਸੀ ਕਿ ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਹੰਗਾਮੇਦਾਰ ਹੋਵੇਗਾ। ਹਿਮਾਚਲ ਪ੍ਰਦੇਸ਼ ਦਾ ਹੰਗਾਮਾ ਤਾਂ ਦੇਸ਼ ਦੇਖ ਚੁੱਕਾ ਹੈ। ਸਹੀ ਗੱਲ ਇਹ ਹੈ ਕਿ ਉਥੇ ਜੋ ਕੁਝ ਹੋਇਆ, ਨਹੀਂ ਹੋਣਾ ਚਾਹੀਦਾ ਸੀ। ਘੱਟੋ-ਘੱਟ ਗਵਰਨਰ ਦੇ ਅਹੁਦੇ ਦੀ ਮਾਣ-ਮਰਿਆਦਾ ਦਾ ਖਿਆਲ ਵਿਧਾਇਕਾਂ ਨੂੰ ਰੱਖਣਾ ਚਾਹੀਦਾ ਸੀ, ਪਰ ਭਾਰਤ ਵਿੱਚ ਵਿਧਾਇਕਾਂ, ਪਾਰਲੀਮੈਂਟ ਮੈਂਬਰਾਂ ਤੋਂ ਜਨਤਾ ਜੋ ਆਸ ਰੱਖਦੀ ਹੈ, ਜਿਸ ਭਰੋਸੇ ਨਾਲ ਉਨ੍ਹਾਂ ਨੂੰ ਵੋਟਾਂ ਪਾ ਕੇ ਆਪਣਾ ਕਿਸਮਤ ਘਾੜਾ ਬਣਾਉਂਦੀ ਹੈ, ਉਹ ਸ਼ਾਇਦ ਹੀ ਕਦੇ ਕਸੌਟੀ ਉੱਤੇ ਖਰਾ ਉਤਰਦਾ ਹੋਵੇਗਾ। ਅਫਸੋਸ ਇਹ ਹੈ ਕਿ ਅੱਜਕੱਲ੍ਹ ਲੋਕਤੰਤਰ ਦੇ ਇਨ੍ਹਾਂ ਮੰਦਰਾਂ ਵਿੱਚ ਇੱਕ-ਦੂਜੇ ਦੇ ਦੋਸ਼ ਗਿਣਾਏ ਜਾਂਦੇ ਹਨ। ਇੰਝ ਕਹਿ ਸਕਦੇ ਹਾਂ ਕਿ ਗਲੀ-ਮੁਹੱਲੇ ਦੀ ਲੜਾਈ ਦੀ ਤਰ੍ਹਾਂ ਤਾਅਨੇ-ਮਿਹਣੇ ਦਿੱਤੇ ਜਾਂਦੇ ਹਨ। ਜੇ ਇੱਕ ਸੂਬੇ ਵਿੱਚ ਕੋਈ ਸੰਗੀਨ ਅਪਰਾਧ ਹੋ ਜਾਵੇ ਤਾਂ ਉਸ ਉੱਤੇ ਸ਼ਰਮਸਾਰ ਹੋਣ ਦੀ ਥਾਂ ਸਰਕਾਰ ਦਾ ਉੱਤਰ ਹੁੰਦਾ ਹੈ ਕਿ ਜਿੱਥੇ ਵਿਰੋਧੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਹੈ, ਉਥੇ ਇਸ ਤੋਂ ਵੱਧ ਅਪਰਾਧ ਹੋ ਰਹੇ ਹਨ। ਇਹ ਨਹੀਂ ਕਿਹਾ ਜਾਂਦਾ ਕਿ ਜੋ ਬੁਰਾ ਹੈ, ਦੇਸ਼ ਤੇ ਸਮਾਜ ਲਈ, ਉਹ ਨਹੀਂ ਸੀ ਹੋਣਾ ਚਾਹੀਦਾ, ਪਰ ਇੱਕ ਦੂਜੇ ਸਿਰ ਦੋਸ਼ ਮੜ੍ਹਨੇ, ਪੱਗ ਉਛਾਲਣੀ, ਧੱਕਾ-ਮੁੱਕੀ ਕਰਨੀ ਅਤੇ ਖਬਰਾਂ ਵਿੱਚ ਛਾਏ ਰਹਿਣ ਲਈ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਵਿੱਚ ਕੁਝ ਵੀ ਕਰ ਦੇਣਾ, ਕੁਝ ਵੀ ਕਹਿ ਦੇਣਾ ਅੱਜ ਦੀ ਕੌੜੀ ਹਕੀਕਤ ਹੈ। ਦੇਸ਼ ਵਿੱਚ ਬੇਰੁਜ਼ਗਾਰੀ ਹੈ, ਮਹਿੰਗਾਈ ਹੈ, ਜਵਾਨੀ ਦਾ ਸ਼ੋਸ਼ਣ ਹੋ ਰਿਹਾ ਹੈ। ਦੇਸ਼ ਦੇ ਕਰੋੜਾਂ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਕਾਨੂੰਨ ਬਣਨ ਤੋਂ ਬਾਅਦ ਵੀ ਘੱਟੋ-ਘੱਟ ਵੇਤਨ ਮਿਲਦਾ ਹੀ ਨਹੀਂ।

ਸੁਪਰੀਮ ਕੋਰਟ ਚਾਹੇ ਇਹ ਮਨੁੱਖੀ ਫੈਸਲਾ ਦੇ ਚੁੱਕਾ ਹੈ ਕਿ ਬਰਾਬਰ ਕੰਮ ਲਈ ਬਰਾਬਰ ਵੇਤਨ ਮਿਲੇ, ਪਰ ਇਹ ਨਿਰਦੇਸ਼-ਆਦੇਸ਼ ਵੀ ਨੇਤਾਵਾਂ ਨੇ ਹਵਾ ਵਿੱਚ ਉਡਾ ਦਿੱਤਾ ਹੈ। ਪਹਿਲਾਂ ਭਰੋਸਾ ਦੇ ਕੇ ਲੋਕਾਂ ਦਾ ਭਰੋਸਾ ਜਿੱਤਣਾ ਅਤੇ ਫਿਰ ਵਿਸ਼ਵਾਸ ਪੂਰੀ ਤਰ੍ਹਾਂ ਤੋੜ ਦੇਣਾ ਅੱਜ ਦੀ ਰਾਜਨੀਤੀ ਅਤੇ ਲੋਕ ਪ੍ਰਤੀਨਿਧਾਂ ਦਾ ਕੰਮ ਹੈ। ਮਹਿੰਗਾਈ ਬਹੁਤ ਹੋ ਗਈ ਹੈ, ਪਰ ਮੈਨੂੰ ਪਤਾ ਹੈ ਕਿ ਮਹਿੰਗਾਈ ਲਈ ਸਿਰਫ ਰਾਜਨੀਤਕ ਦਾਅ-ਪੇਚ ਲੜਾਏ ਜਾਣਗੇ, ਅਮਲ ਵਿੱਚ ਕੁਝ ਨਹੀਂ ਹੋਵੇਗਾ ਕਿਉਂਕਿ ਜੋ ਲੋਕ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਵਿੱਚ ਬੈਠੇ ਹਨ, ਉਨ੍ਹਾਂ ਦੇ ਆਪਣੇ ਜੀਵਨ ਅਤੇ ਪਰਵਾਰ ਉੱਤੇ ਇਸ ਮਹਿੰਗਾਈ ਦਾ ਅਸਰ ਨਹੀਂ ਪੈਂਦਾ। ਮੈਂ ਅਕਾਲੀ ਆਗੂਆਂ ਨੂੰ ਚੇਤੇ ਕਰਾਉਣਾ ਚਾਹੁੰਦੀ ਹਾਂ ਕਿ ਆਪਣੇ ਰਾਜ ਦੇ 10 ਸਾਲਾਂ ਵਿੱਚ ਤੁਸੀਂ ਠੇਕੇ ਉੱਤੇ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਪੱਕਾ ਕਰਨ ਲਈ ਤੇ ਨਿਯਮਾਂ ਮੁਤਾਬਕ ਪੂਰੀ ਤਨਖਾਹ ਦੇਣ ਲਈ ਜਿੰਨਾ ਰੌਲਾ-ਰੱਪਾ ਪਾਇਆ ਸੀ, ਉਹ ਕੰਮ ਪੂਰਾ ਕਿਉਂ ਨਹੀਂ ਕਰ ਸਕੇ? ਕਾਂਗਰਸੀਆਂ ਨੂੰ ਇਹ ਕਰਾਉਣਾ ਚਾਹਾਂਗੀ ਕਿ ਚੋਣ ਪ੍ਰਚਾਰ ਵਿੱਚ ਉਨ੍ਹਾਂ ਨੇ ਇਨ੍ਹਾਂ ਕਰਮਚਾਰੀਆਂ ਨੂੰ ਵੱਡੇ ਸਬਜ਼ਬਾਗ ਦਿਖਾਏ ਸਨ। ਕੀ ਕਾਂਗਰਸ ਵਿਧਾਇਕਾਂ ਵਿੱਚ ਇਹ ਹਿੰਮਤ ਹੈ ਕਿ ਉਹ ਆਪਣੇ ਮੁੱਖ ਮੰਤਰੀ ਤੋਂ ਪੁੱਛ ਸਕਣ ਕਿ ਜੋ ਪੰਜਾਬ ਦੇ ਅਸਥਾਈ ਕਰਮਚਾਰੀਆਂ ਨੂੰ ਹਰਿਆਲੀ ਦਿਖਾਈ ਗਈ ਸੀ, ਉਹ ਕਦੋਂ ਲਿਆ ਸਕਣਗੇ? ਇਸ ਸਰਕਾਰ ਦੇ ਕਾਰ-ਜਕਾਲ ਦੇ ਦਿਨ ਤੇਜ਼ੀ ਨਾਲ ਮੁੱਕਦੇ ਜਾ ਰਹੇ ਹਨ।

ਨਗਰ ਨਿਗਮਾਂ ਤੇ ਨਗਰ ਕੌਂਸਲਾਂ ਦੀਆਂ ਚੋਣਾਂ ਦੇ ਦਿਨਾਂ ਦੌਰਾਨ ਸਰਕਾਰੀ ਤੰਤਰ ਦੀ ਜੋ ਦੁਰਵਰਤੋਂ ਹੋਈ, ਸਭ ਨੇ ਦੇਖੀ। ਅਕਾਲੀ ਨੇਤਾਵਾਂ ਨੇ ਇਸ ਬਾਰੇ ਬੜਾ ਰੌਲਾ ਪਾਇਆ ਹੈ। ਮੈਨੂੰ ਉਹ ਦਿਨ ਯਾਦ ਹਨ, ਜਦ ਪੰਜ ਸਾਲ ਪਹਿਲਾਂ ਇਨ੍ਹਾਂ ਚੋਣਾਂ ਵਿੱਚ ਕਾਂਗਰਸੀ ਇਸੇ ਤਰ੍ਹਾਂ ਸੱਤਾ ਦੀ ਦੁਰਵਰਤੋਂ ਕਰ ਕੇ ਉਨ੍ਹਾਂ ਦੇ ਨਾਮਜ਼ਦਗੀ ਕਾਗਜ਼ ਰੱਦ ਕਰਵਾਉਣ ਤੇ ਵੋਟਰਾਂ ਨੂੰ ਧਮਕਾਉਣ ਦਾ ਦੋਸ਼ ਲਾਉਂਦੇ ਸਨ। ਯਾਦ ਹੋਵੇਗਾ ਮਾਲਵਾ ਖੇਤਰ ਦੇ ਇੱਕ ਖਾਸ ਜ਼ਿਲੇ ਵਿੱਚ ਕੀ ਹੋਇਆ ਸੀ। ਲਗਭਗ ਉਹੀ ਇਸ ਵਾਰ ਕਾਂਗਰਸ ਨੇ ਕੀਤਾ। ਕੀ ਕੋਈ ਪਾਰਟੀ ਜਾਂ ਸਾਰੀਆਂ ਰਾਜਨੀਤਕ ਪਾਰਟੀਆਂ ਮਿਲ ਕੇ ਵਿਧਾਨ ਸਭਾ ਵਿੱਚ ਇਹ ਤੈਅ ਕਰ ਸਕਦੀਆਂ ਹਨ ਕਿ ਸੱਤਾ ਵਿੱਚ ਕੋਈ ਵੀ ਹੋਵੇ, ਲੋਕਤੰਤਰ ਉੱਤੇ ਲਾਠੀ ਨਹੀਂ ਚਲਾਈ ਜਾਵੇਗੀ। ਅਜਿਹਾ ਹੋ ਜਾਵੇ ਤਾਂ ਇੱਕ ਚੰਗੀ ਰੇਖਾ ਖਿੱਚੀ ਜਾਵੇਗੀ, ਜਿਸ ਦੇ ਕੰਟਰੋਲ ਵਿੱਚ ਸਾਰੇ ਰਾਜਨੇਤਾ ਅਤੇ ਰਾਜਨੀਤਕ ਕਾਰਕੁਨ ਚੱਲਣ ਨਹੀਂ ਤਾਂ ਜਿਵੇਂ ਪੰਜਾਬੀ ਵਿੱਚ ਕਹਿੰਦੇ ਹਨ: ''ਭਾਜੀ ਭੋੜਨਾ ਅਰਥਾਤ ਜੋ ਮੇਰੇ ਨਾਲ ਹੋਇਆ, ਉਹੋ ਜਿਹਾ ਮੈਂ ਸੱਤਾ ਵਿੱਚ ਆ ਕੇ ਕਰਾਂਗਾ'', ਇਹ ਮੰਦਭਾਗਾ ਵਰਤਾਰਾ ਚੱਲਦਾ ਰਹੇਗਾ। ਅੱਜ ਪੰਜਾਬ ਸਰਕਾਰ ਅਤੇ ਹੁਕਮ-ਰਾਨ ਤੇ ਵਿਰੋਧੀ ਧਿਰ ਦੇ ਨੇਤਾਵਾਂ ਤੋਂ ਜਨਤਾ ਨੂੰ ਇੱਕੋ ਆਸ ਹੈ ਕਿ ਜਿਸ ਵਿਧਾਨ ਸਭਾ ਇਜਲਾਸ ਨੂੰ ਚਲਾਉਣ ਵਿੱਚ ਕਰੋੜਾਂ ਰੁਪਏ ਖਰਚ ਹੋਣਗੇ। ਵਿਧਾਇਕਾਂ ਨੂੰ ਮੋਟਾ ਟੀ ਏ, ਡੀ ਏ ਮਿਲੇਗਾ, ਕੀ ਉਹ ਜਨਤਾ ਨੂੰ ਕੋਈ ਲਾਭ ਦੇ ਸਕਣਗੇ? ਕੀ ਇਹੀ ਫੈਸਲਾ ਕਰ ਦੇਣਗੇ ਕਿ ਸਾਰੇ ਕਰਮਚਾਰੀਆਂ ਨੂੰ ਇੱਕੋ ਜਿਹੇ ਕੰਮ ਲਈ ਇੱਕੋ ਜਿਹਾ ਵੇਤਨ, ਛੁੱਟੀ, ਮੈਡੀਕਲ ਸਹੂਲਤ ਦਿੱਤੀ ਜਾਵੇਗੀ? ਕੀ ਇਹ ਸੰਕਲਪ ਲੈਣਗੇ ਕਿ ਪੰਜਾਬ ਦੇ ਕਿਸੇ ਥਾਣੇ, ਤਹਿਸੀਲ, ਕਿਸੇ ਈ ਟੀ ਓ, ਡੀ ਟੀ ਓ ਦੇ ਦਫਤਰ ਵਿੱਚ ਭ੍ਰਿਸ਼ਟਾਚਾਰ ਨਹੀਂ ਹੋਵੇਗਾ? ਵਾਰ-ਵਾਰ ਸਰਕਾਰਾਂ ਨੂੰ ਕਿਹਾ ਹੈ ਕਿ ਹਰ ਥਾਣੇ ਨਾਲ ਇੱਕ ਨਾਗਰਿਕ ਕੌਂਸਲ ਬਣਾਈ ਜਾਵੇ, ਜੋ ਜਨਤਾ ਤੇ ਪੁਲਸ ਵਿਚਾਲੇ ਪੁਲ ਬਣੇ ਤੇ ਸੁਚਾਰੂ ਕੰਮ ਵਿੱਚ ਸਹਿਯੋਗ ਦੇਵੇ। ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਵਿਧਾਨ ਸਭਾ ਵਿੱਚ ਜੇ ਇਸ ਬਾਰੇ ਸੰਕਲਪ ਲੈਣ ਦੇ ਨਾਲ-ਨਾਲ ਫੈਸਲਾ ਵੀ ਲੈ ਲੈਂਦੀਆਂ ਹਨ, ਤਦ ਵੀ ਇਹ ਸਮਝਿਆ ਜਾਵੇਗਾ ਕਿ ਲੋਕ ਨੁਮਾਇੰਦੇ ਹੀ ਵਿਧਾਨ ਸਭਾ ਵਿੱਚ ਬੈਠੇ ਹਨ।

ਜਿਨ੍ਹਾਂ ਕਰਮਚਾਰੀਆਂ ਦਾ 365 ਦਿਨ ਸ਼ੋਸ਼ਣ ਹੁੰਦਾ ਹੈ, ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾਵਾਂ ਵਿੱਚ ਉਨ੍ਹਾਂ ਦੀ ਰਾਖੀ ਵਿਧਾਇਕ ਅਤੇ ਸਰਕਾਰ ਨਹੀਂ ਕਰ ਪਾਉਂਦੀ ਤਾਂ ਜਨਤਾ ਨੂੰ ਆਪਣੇ ਲੋਕ ਨੁਮਾਇੰਦਿਆਂ ਦਾ ਲਾਭ ਕੀ ਹੈ। ਸਭ ਤੋਂ ਵੱਡੀ ਗੱਲ ਪੰਜਾਬ ਦੇ ਥਾਣਿਆਂ, ਤਹਿਸੀਲਾਂ, ਡੀ ਟੀ ਓ, ਈ ਟੀ ਓ ਅਤੇ ਮਾਲ ਮਹਿਕਮੇ ਵਿੱਚ ਭ੍ਰਿਸ਼ਟਾਚਾਰ ਦੀ ਚੱਕੀ ਵਿੱਚ ਜਨਤਾ ਜਿਸ ਤਰ੍ਹਾਂ ਪਿਸ ਰਹੀ ਹੈ ਅਤੇ ਪਿਸਣ ਵਾਲੇ ਇਨ੍ਹਾਂ ਨੇਤਾਵਾਂ ਦੇ ਮਤਦਾਤਾ ਹਨ। ਉਨ੍ਹਾਂ ਦੀ ਦੁਰਗਤੀ ਤੋਂ ਜੇ ਇਨ੍ਹਾਂ ਨੂੰ ਕੋਈ ਦਰਦ ਹੁੰਦਾ ਹੈ ਤਾਂ ਉਹ ਇਸ ਵਿਧਾਨ ਸਭਾ ਦੇ ਸੈਸ਼ਨ ਵਿੱਚ ਉਨ੍ਹਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ। ਅੱਜ ਦੇ ਅੱਜ ਤੱਕ ਦਾ ਤਜਰਬਾ ਇਹੀ ਹੈ ਕਿ ''ਪੰਚਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਓਥੇ ਦਾ ਓਥੇ।'' ਇੰਝ ਕਹਿ ਸਕਦੇ ਹਾਂ ਕਿ ਜਨਤਾ ਮੇਡ ਲੀਟਰਾਂ ਨੂੰ ਰੰਜ ਬਹੁਤ ਹਨ, ਪਰ ਸਿਰਫ ਭਾਸ਼ਣਾਂ ਵਿੱਚ। ਜਨਤਾ ਲਈ ਜੋ ਕੁਝ ਹੈ, ਉਹ ਪੰਜ ਸਾਲ ਬਾਅਦ ਚੋਣ ਭ੍ਰਿਸ਼ਟਾਚਾਰ ਵਿੱਚ ਪ੍ਰਗਟ ਹੋਵੇਗਾ। ਕਿਤੇ ਸ਼ਰਾਬ ਵੰਡੀ ਜਾਵੇਗੀ, ਕਿਤੇ ਨੋਟ, ਕਿਤੇ ਫੋਨ ਅਤੇ ਸਕੂਟਰੀਆਂ। ਲਾਚਾਰ ਗਰੀਬ ਜਨਤਾ ਉਸ ਇੱਕ ਦਿਨ ਦੀ ਦੀਵਾਲੀ ਨੂੰ ਆਪਣੀ ਕਿਸਮਤ ਸਮਝ ਕੇ ਫਿਰ ਵਿਸ਼ਵਾਸ ਤੋੜਨ ਵਾਲਿਆਂ ਨੂੰ ਸੱਤਾ ਦੇ ਸਿਖਰ ਉੱਤੇ ਪਹੁੰਚਾਉਣ ਲਈ ਮਜਬੂਰ ਹੋ ਜਾਂਦੀ ਹੈ। ਭਾਰਤ ਦੀ ਪਾਰਲੀਮੈਂਟ ਤੋਂ ਲੈ ਕੇ ਵਿਧਾਨ ਸਭਾਵਾਂ ਤੱਕ ਉਨ੍ਹਾਂ ਦੀ ਗੱਲ ਨਹੀਂ ਹੁੰਦੀ ਜਿਨ੍ਹਾਂ ਲਈ ਇਹ ਕਿਹਾ ਜਾਂਦਾ ਹੈ ਕਿ ਰਾਜਦ ਜਨਤਾ ਲਈ ਹੈ, ਜਨਤਾ ਦੁਆਰਾ ਹੈ। ਜਨਤਾ ਰਾਜ ਦੇ ਦੁਆਰ ਤਾਂ ਦੂਰ, ਦਹਿਲੀਜ਼ ਤੋਂ ਵੀ ਬਾਹਰ ਹੈ।

# ਕੀ ਅਸੀਂ ਕੋਰੋਨਾ ਦੀ ਮਹਾਮਾਰੀ ਦੇ ਦੂਸਰੇ ਦੌਰ ਵੱਲ ਵੱਧ ਰਹੇ ਹਾਂ

-ਪੂਨਮ ਆਈ ਕੌਸ਼ਿਸ਼-

ਕੋਰੋਨਾ ਮਹਾਮਾਰੀ ਸਾਡੀ ਜ਼ਿੰਦਗੀ ਦੀ ਸਭ ਤੋਂ ਉਥਲ-ਪੁਥਲ ਭਰੀ, ਸਭ ਤੋਂ ਤਬਾਹਕੁੰਨ ਅਤੇ ਭਿਆਨਕ ਘਟਨਾ ਰਹੀ ਹੈ। ਇਸ ਨੇ ਸਮੁੱਚੀ ਦੁਨੀਆ ਨੂੰ ਬਦਲ ਕੇ ਰੱਖ ਦਿੱਤਾ ਹੈ। ਇਸ ਨੇ ਮਨੁੱਖਤਾ ਨੂੰ ਆਪਣੇ ਸ਼ਿਕੰਜੇ 'ਚ ਜਕੜ ਲਿਆ ਹੈ ਅਤੇ ਸਾਨੂੰ ਇਹ ਅਹਿਸਾਸ ਕਰਾਇਆ ਹੈ ਕਿ ਅਸੀਂ ਕਿੰਨੇ ਬੇਵੱਸ ਹਾਂ। ਇਸ ਮਹਾਮਾਰੀ ਤੋਂ ਬਅਦ ਅਸੀਂ ਨਵੇਂ ਜੀਵਨ 'ਚ ਢਲ ਗਏ ਹਾਂ। ਸਾਨੂੰ ਇੱਕ ਨਵਾਂ ਰਾਹ ਨਜ਼ਰ ਆ ਰਿਹਾ ਹੈ। ਕੋਰੋਨਾ ਦੇ ਟੀਕੇ ਦੀ ਖੋਜ ਹੋ ਗਈ ਹੈ। ਸਮੁੱਚੀ ਦੁਨੀਆ 'ਚ ਡਾਕਟਰ ਲੋਕਾਂ ਨੂੰ ਕੋਰੋਨਾ ਦਾ ਟੀਕਾ ਲਾ ਰਹੇ ਹਨ ਅਤੇ ਇਸ ਮਹਾਮਾਰੀ ਵਿਰੁੱਧ ਲੜਾਈ ਲੜ ਰਹੇ ਹਨ।

ਭਾਰਤ 'ਚ ਕੋਰੋਨਾ ਮਹਾਮਾਰੀ ਦਾ ਟੀਕਾਕਰਨ ਸ਼ੁਰੂ ਕਰਨਾ ਇੱਕ ਵੱਡੀ ਚੁਣੌਤੀ ਤੇ ਇੱਕ ਚੰਗਾ ਮੌਕਾ ਸੀ। ਚੁਣੌਤੀ ਇਸ ਲਈ ਕਿ ਦੇਸ਼ ਦੀ 135 ਕਰੋੜ ਆਬਾਦੀ ਨੂੰ ਬਚਾਉਣਾ ਹੈ। ਇਸ ਲਈ ਦੁਨੀਆ ਦੀ ਸਭ ਤੋਂ ਵੱਡੀ ਟੀਕਾਕਰਨ ਮੁਹਿੰਮ ਨੂੰ ਸ਼ੁਰੂ ਕਰਨਾ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਬਾਰੇ ਸਭ ਦਾ ਮਾਰਗਦਰਸ਼ਨ ਕੀਤਾ। ਉਨ੍ਹਾਂ ਵੈਕਸੀਨ ਦੇ ਮੁੱਖ ਨਿਰਮਾਤਾਵਾਂ ਨਾਲ ਸੰਪਰਕ ਕੀਤਾ, ਨਿਰਮਾਣ ਸਹੂਲਤਾਂ ਦਾ ਦੌਰਾ ਕੀਤਾ ਅਤੇ 16 ਜਨਵਰੀ ਨੂੰ ਪਹਿਲੇ ਪੜਾਅ ਦੇ ਟੀਕਾਕਰਨ ਦਾ ਆਰੰਭ ਕੀਤਾ। ਇਸ ਹੇਠ ਇੱਕ ਕਰੋੜ ਸਿਹਤ ਮੁਲਾਜ਼ਮਾਂ ਤੇ ਦੋ ਕਰੋੜ ਫ੍ਰੰਟ ਲਾਈਨ ਕਿਰਤੀਆਂ ਨੂੰ ਟੀਕਾ ਲਾਇਆ ਜਾਣਾ ਸੀ। ਉਸ ਤੋਂ ਬਾਅਦ ਦੂਜੇ ਪੜਾਅ 'ਚ 27 ਕਰੋੜ ਉਨ੍ਹਾਂ ਲੋਕਾਂ ਨੂੰ ਟੀਕਾ ਲਾਇਆ ਜਾਣਾ ਹੈ, ਜਿਨ੍ਹਾਂ ਦੀ ਉਮਰ 60 ਸਾਲ ਤੋਂ ਵੱਧ ਜਾਂ ਜਿਨ੍ਹਾਂ ਦੀ ਉਮਰ 45 ਸਾਲ ਤੋਂ ਵੱਧ ਅਤੇ ਉਹ ਕਿਸੇ ਰੋਗ ਤੋਂ ਪੀੜਤ ਹਨ। ਪ੍ਰਧਾਨ ਮੰਤਰੀ ਮੋਦੀ ਨੇ ਖ਼ੁਦ ਸੋਮਵਾਰ ਕੋਰੋਨਾ ਦਾ ਟੀਕਾ ਲਵਾਇਆ। ਸਰਕਾਰ ਦੇ ਯਤਨਾਂ ਅਤੇ ਯੋਜਨਾਵਾਂ ਦੇ ਬਾਵਜੂਦ ਲੋਕਾਂ 'ਚ ਇਸ ਟੀਕੇ ਪ੍ਰਤੀ ਭਰੋਸਾ ਪੈਦਾ ਨਹੀਂ ਹੋ ਰਿਹਾ। ਏਮਸ ਦੇ ਇੱਕ ਸੀਨੀਅਰ ਡਾਕਟਰ ਮੁਤਾਬਕ ਇਸ ਦਾ ਕਾਰਨ ਸਪੱਸ਼ਟ ਹੈ, ''ਸਰਕਾਰ ਨੇ ਹਰ ਚੀਜ਼ 'ਤੇ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ।''

ਸਭ ਸਰਕਾਰਾਂ ਵੱਲੋਂ ਆਪਣੇ-ਆਪਣੇ ਸਿਹਤ ਮੁਲਾਜ਼ਮਾਂ ਨੂੰ ਸੂਚੀ ਸੌਂਪੀ ਜਾਂਦੀ ਹੈ। ਉਨ੍ਹਾਂ ਨੂੰ ਰੋਜ਼ਾਨਾ ਸੌ-ਸੌ ਟੀਕੇ ਦਿੱਤੇ ਜਾਂਦੇ ਹਨ। ਇਹ ਸੂਚੀ ਸਵੇਰੇ 10 ਵਜੇ ਤੱਕ ਪੇਸ਼ ਕਰਨੀ ਹੁੰਦੀ ਹੈ। ਅਸੀਂ ਇਸੇ ਗੱਲ 'ਚ ਉਲਝੇ ਰਹਿੰਦੇ ਹਾਂ ਕਿ ਕਿਨ੍ਹਾਂ ਲੋਕਾਂ ਨੂੰ ਟੀਕਾ ਲਾਇਆ ਜਾਵੇ। ਆਮ ਤੌਰ 'ਤੇ ਅਸੀਂ ਇਸ ਕੋਟੇ ਨੂੰ ਪੂਰਾ ਨਹੀਂ ਕਰ ਸਕਦੇ। ਕੁਝ ਰਿਆਇਤਾਂ ਅਤੇ ਲਚਕੀਲੇਪਣ ਤੋਂ ਬਾਅਦ ਹਸਪਤਾਲਾਂ ਦੀ ਸ਼ਿਕਾਇਤ ਹੈ ਕਿ ਉਨ੍ਹਾਂ ਨੂੰ ਸੀਮਤ ਮਾਤਰਾ 'ਚ ਕੋਰੋਨਾ ਵੈਕਸੀਨ ਦਿੱਤੀ ਗਈ ਜਦਕਿ ਉਹ ਰੋਜ਼ਾਨ 1000 ਤੱਕ ਟੀਕਾ ਲਾ ਸਕਦੇ ਹਨ। ਕੁਝ ਲੋਕ ਟੀਕਾ ਲੱਗਣ ਤੋਂ ਡਰਦੇ ਹਨ। ਕੁਝ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਬਾਰੇ ਵਧੇਰੇ ਜਾਣਕਾਰੀ ਚਾਹੀਦੀ ਹੈ, ਕੁਝ ਲੋਕ ਸਾਹਮਣੇ ਆਏ, ਉਨ੍ਹਾਂ ਟੀਕਾ ਲਵਾਇਆ ਤੇ ਬਾਕੀ ਪਰਮਾਤਮਾ 'ਤੇ ਛੱਡ ਦਿੱਤਾ। ਅੱਜ ਸਰਕਾਰ ਦੇ ਕੋਲ ਸਮਾਂ ਘੱਟ ਹੈ ਕਿਉਂਕਿ ਅੱਠ ਸੂਬਿਆਂ ਮਹਾਰਾਸ਼ਟਰ, ਕੇਰਲ, ਪੰਜਾਬ, ਕਰਨਾਟਕ, ਤਾਮਿਲਨਾਡੂ, ਹਰਿਆਣਾ, ਮੱਧ ਪ੍ਰਦੇਸ਼ ਅਤੇ ਗੁਜਰਾਤ 'ਚ ਰੋਜ਼ ਕੋਰੋਨਾ ਦੇ ਕੇਸ ਵਧ ਰਹੇ ਹਨ। ਇਨ੍ਹਾਂ ਰਾਜਾਂ 'ਚ ਲੱਗਭਗ 17577 ਕੇਸ ਰੋਜ਼ ਮਿਲ ਰਹੇ ਹਨ। 130 ਵਿਅਕਤੀਆਂ ਦੀ ਮੌਤ ਹੋ ਰਹੀ ਹੈ। ਅੱਜ ਦੇਸ਼ 'ਚ ਕੋਰੋਨਾ ਦੇ ਕੁੱਲ ਨਵੇਂ ਕੇਸਾਂ 'ਚੋਂ 86.18 ਫ਼ੀਸਦੀ ਕੇਸ ਇਨ੍ਹਾਂ ਸੂਬਿਆਂ 'ਚੋਂ ਹਨ। ਇਨ੍ਹਾਂ ਦੇਸ਼ਾਂ 'ਚ ਕੋਰੋਨਾ ਦੇ ਸਰਗਰਮ ਮਾਮਲੇ ਇੱਕ ਲੱਖ 65 ਹਜ਼ਾਰ ਤੋਂ ਵੱਧ ਹਨ। ਇਸ ਤੋਂ ਸਵਾਲ ਉਠਦਾ ਹੈ ਕਿ ਕੀ ਭਾਰਤ ਕੋਰੋਨਾ ਮਹਾਮਾਰੀ ਦੇ ਦੂਜੇ ਦੌਰ ਵੱਲ ਵੱਧ ਰਿਹਾ ਹੈ? ਤੁਸੀਂ ਲਾਪਰਵਾਹੀ ਕਹੋ ਜਾਂ ਪਾਬੰਦੀਆਂ ਤੋਂ ਤੰਗ ਹੋਣਾ, ਪਰ ਦੇਸ਼ 'ਚ ਕੋਰੋਨਾ ਦੇ ਕੇਸ ਵਧ ਰਹੇ ਹਨ। ਮਹਾਰਾਸ਼ਟਰ ਅਤੇ ਤਾਮਿਲਨਾਡੂ ਦੇ ਕੁਝ ਹਿੱਸਿਆਂ 'ਚ ਲਾਕਡਾਊਨ ਲਾ ਦਿੱਤਾ ਗਿਆ ਹੈ। ਏਮਸ ਦੇ ਡਾਇਰੈਕਟਰ ਗੁਲੇਰੀਆ ਨੇ ਪਹਿਲਾਂ ਹੀ ਚਿਤਾਵਨੀ ਦਿੱਤੀ ਹੈ ਕਿ ਸਾਨੂੰ ਚੌਕਸ ਰਹਿਣਾ ਹੋਵੇਗਾ। ਲੋਕਾਂ ਨੂੰ ਲਾਪਰਵਾਹੀ ਨਹੀਂ ਵਰਤਣੀ ਚਾਹੀਦੀ। ਭਾਰਤੀ ਸਿਹਤ ਅਦਾਰੇ ਮੁਤਾਬਕ ਲੋਕ ਚੌਕਸੀ ਕਦਮਾਂ ਨੂੰ ਅੱਖੋਂ-ਪਰੋਖੇ ਕਰ ਰਹੇ ਹਨ। ਪਰਵਾਰਕ ਮੈਂਬਰਾਂ ਅਤੇ ਦੋਸਤਾਂ ਨੂੰ ਮਿਲਣ ਲਈ ਜਾ ਰਹੇ ਹਨ। ਪਾਰਟੀਆਂ ਕਰਦੇ ਹਨ। ਕੋਰੋਨਾ ਦੇ ਕੇਸਾਂ ਬਾਰੇ ਭਾਰਤ ਅਮਰੀਕਾ ਤੋਂ ਬਾਅਦ ਦੂਜੇ ਨੰਬਰ 'ਤੇ ਹੈ। ਸਭ ਤੋਂ ਵੱਡੀ ਸਮੱਸਿਆ ਹੈ ਕਿ ਬ੍ਰਾਜ਼ੀਲ, ਬਰਤਾਨੀਆ ਅਤੇ ਦੱਖਣੀ ਅਫ਼ਰੀਕਾ 'ਚ ਕੋਰੋਨਾ ਦਾ ਸਟ੍ਰੇਨ ਪਾਇਆ ਗਿਆ ਹੈ। ਭਾਰਤ ਦੀ ਬਹੁਤ ਵੱਡੀ ਆਬਾਦੀ ਅਜੇ ਕੋਰੋਨਾ ਤੋਂ ਸੁਰੱਖਿਅਤ ਹੈ। ਇਸ ਲਈ ਇਸ ਦਾ ਖਤਰਾ ਹੈ ਕਿ ਇਹ ਨਵਾਂ ਸਟ੍ਰੇਨ ਜਲਦੀ ਹੀ ਨਵੇਂ ਖੇਤਰਾਂ 'ਚ ਫੈਲ ਸਕਦਾ ਹੈ। ਬਿਮਾਰੀ ਮੁੜ ਤੋਂ ਪੈਰ ਪਸਾਰ ਸਕਦੀ ਹੈ।

ਜਨਵਰੀ ਦੇ ਅੰਤ ਤੱਕ ਭਾਰਤ 'ਚ ਬਰਤਾਨੀਆ ਦੇ ਸਟ੍ਰੇਨ ਦੇ 200 ਤੋਂ ਵੱਧ ਮਾਮਲੇ ਮਿਲ ਚੁੱਕੇ ਸਨ। ਹੋਰ ਦੋ ਸਟ੍ਰੇਨ ਦੇ ਅੱਠ ਤੋਂ ਵੱਧ ਕੇਸ ਮਿਲੇ ਹਨ। ਭਾਰਤ 'ਚ ਵੀ ਇਸ ਦੇ ਵੱਖ-ਵੱਖ ਸਟ੍ਰੇਨ ਹੋ ਸਕਦੇ ਹਨ। ਟੀਕਾਕਰਨ ਦੀ ਕਮੀ ਕਾਰਨ ਇਹ ਵਾਇਰਸ ਤੇਜ਼ੀ ਨਾਲ ਮਿਊਟੇਟ ਹੋ ਰਿਹਾ ਹੈ। ਯੂਰਪੀਨ ਦੇਸ਼ਾਂ 'ਚ ਕੋਰੋਨਾ ਦੇ ਨਵੇਂ ਕੇਸ ਵਧ ਰਹੇ ਹਨ। ਲੰਡਨ 'ਚ ਲਾਕਡਾਊਨ ਦਾ ਐਲਾਨ ਕੀਤਾ ਗਿਆ ਹੈ। ਫਰਾਂਸ, ਜਰਮਨ, ਸਪੇਨ ਅਤੇ ਪੁਰਤਗਾਲ 'ਚ ਕੋਰੋਨਾ ਦੇ ਮਾਮਲੇ ਲਗਾਤਾਰ ਵਧ ਰਹੇ ਹਨ। 1918 ਦੇ ਸਪੇਨਿਸ਼ ਫਲੂ ਵੇਲੇ ਵੀ ਦੂਜਾ ਦੌਰ ਵਧੇਰੇ ਤਬਾਹਕੁੰਨ ਸੀ ਕਿਉਂਕਿ ਉਦੋਂ ਲੋਕਾਂ ਨੇ ਲਾਪਰਵਾਹੀ ਵਰਤਣੀ ਸ਼ੁਰੂ ਕਰ ਦਿੱਤੀ ਸੀ।

ਸਮੱਸਿਆ ਕੀ ਹੈ? ਦੁਨੀਆ 'ਚ ਸਭ ਤੋਂ ਤੇਜ਼ੀ ਨਾਲ ਕੋਰੋਨਾ ਦਾ ਟੀਕਾ ਵਿਕਸਤ ਕਰਨ ਅਤੇ ਇੱਕ ਹਫ਼ਤੇ 'ਚ 10 ਲੱਖ ਤੋਂ ਵੱਧ ਲੋਕਾਂ ਅਤੇ ਇੱਕ ਮਹੀਨੇ 'ਚ 30 ਲੱਖ ਤੋਂ ਵੱਧ ਲੋਕਾਂ ਨੂੰ ਕੋਰੋਨਾ ਦਾ ਟੀਕਾ ਲਗਵਾਉਣ ਅਤੇ ਕੋਰੋਨਾ ਟੀਕੇ ਦੇ ਸਭ ਤੋਂ ਵੱਡੇ ਨਿਰਮਾਤਾ ਸੀਰਮ ਇੰਸਟੀਚਿਊਟ 'ਚ 10 ਕਰੋੜ ਵੈਕਸੀਨ ਦਾ ਭੰਡਾਰ ਹੋਣ ਦੇ ਬਾਵਜੂਦ ਟੀਕਾਕਰਨ ਤੇਜ਼ੀ ਨਾਲ ਨਹੀਂ ਹੋ ਰਿਹਾ। ਭਾਰਤ ਬਾਇਓਟੈਕ ਦੇ ਮਾਮਲੇ 'ਚ ਭਾਰਤ ਪਿੱਛੇ ਹੈ। ਇੱਕ ਮਹੀਨੇ 'ਚ 80 ਲੱਖ ਲੋਕਾਂ ਨੂੰ ਟੀਕਾ ਲਾਉਣ ਦੇ ਹਿਸਾਬ 80 ਕਰੋੜ ਲੋਕਾਂ ਨੂੰ ਟੀਕੇ ਲਾਉਣ 'ਚ ਕਈ ਸਾਲ ਲੱਗਣਗੇ। ਇਸ ਲਈ ਸਰਕਾਰ ਨੂੰ ਟੀਕਾਕਰਨ ਦੀ ਰਫ਼ਤਾਰ 20 ਗੁਣਾ ਵਧਾਉਣੀ ਹੋਵੇਗੀ। ਇੰਝ ਕਰਨ ਨਾਲ ਹਰ ਮਹੀਨੇ 14 ਕਰੋੜ ਲੋਕਾਂ ਨੂੰ ਟੀਕਾ ਲਾਇਆ ਜਾ ਸਕੇਗਾ।

ਕੀ ਇਹ ਸੰਭਵ ਹੈ? ਬਿਲਕੁਲ ਹੈ। ਇਸ ਲਈ ਨਿੱਜੀ ਖੇਤਰ, ਗੈਰ ਸਰਕਾਰੀ ਸੰਸਥਾਵਾਂ ਅਤੇ ਕਾਰਪੋਰੇਟ ਜਗਤ ਨੂੰ ਜੋੜਿਆ ਜਾਵੇ ਅਤੇ ਉਨ੍ਹਾਂ ਨੂੰ ਨਿਰਮਾਤਾਵਾਂ ਕੋਲੋਂ ਟੀਕਾ ਖਰੀਦਣ ਤੇ ਲੋਕਾਂ ਨੂੰ ਵੇਚਣ ਦੀ ਆਗਿਆ ਦਿੱਤੀ ਜਾਵੇ। ਅੱਜ ਕੱਲ ਤਾਂ ਸਰਕਾਰ ਦਾ ਇਸ 'ਤੇ ਪੂਰਾ ਕੰਟਰੋਲ ਹੈ। ਇਸ ਤੋਂ ਇਲਾਵਾ ਸਰਕਾਰ ਨੂੰ ਕੋਵਿਡ ਪ੍ਰੀਖਣ ਨੀਤੀ ਤੋਂ ਸਬਕ ਸਿੱਖਣਾ ਚਾਹੀਦਾ ਹੈ। ਜਿਵੇਂ ਕਿ ਅਮਰੀਕਾ ਦੇ ਗਾਇਕ ਕੇਨੀ ਰੋਜ਼ਰ ਦਾ ਇੱਕ ਗਾਣਾ ਹੈ 'ਇਫ ਯੂ ਆਰ ਗੋਨਾ ਪਲੇਅ ਦਿ ਗੇਮ ਬੁਆਏ, ਯੂ ਗੋਟਾ ਲਰਨਡ ਨੂੰ ਪਲੇਅ ਇਟ ਰਾਈਟ'। ਸਮਾਂ ਆ ਗਿਆ ਹੈ ਕਿ ਸਭ ਭਾਰਤ ਵਾਸੀ ਇਸ ਸਬੰਧੀ ਪੂਰੀ ਚੌਕਸੀ ਵਰਤਣ। ਤੱਦ ਹੀ ਕੋਰੋਨਾ ਮਹਾਮਾਰੀ 'ਤੇ ਜਿੱਤ ਹਾਸਲ ਕੀਤੀ ਜਾ ਸਕਦੀ ਹੈ।

# ਪੌਂਡ ਕਿਸ ਤਰ੍ਹਾਂ ਦਾ ਹੁੰਦੈ

-ਪ੍ਰੋਫੈਸਰ ਸ਼ਿੰਗਾਰਾ ਸਿੰਘ ਢਿੱਲੋਂ

ਦਿੱਲੀ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਬਾਹਰ ਨਿਕਲ ਕੇ ਪੰਜਾਬ ਜਾਣ ਵਾਸਤੇ ਅਗਾਊਂ ਆਨਲਾਈਨ ਬੁੱਕ ਕੀਤੀ ਇੰਡੋ ਕੈਨੇਡੀਅਨ ਬੱਸ ਦੀ ਸਵਾਰੀ ਕਰ ਕੇ ਪੰਜਾਬ ਨੂੰ ਚਾਲੇ ਪਾ ਦਿੱਤੇ। ਕੁਝ ਦੇਰ ਬਾਅਦ ਕੰਡਕਟਰ ਕੋਲ ਆਇਆ ਤੇ ਟਿਕਟ ਦਿਖਾਉਣ ਵਾਸਤੇ ਕਿਹਾ। ਮੈਂ ਆਨਲਾਈਨ ਬੁੱਕ ਕੀਤੀ ਟਿਕਟ ਉਸ ਦੇ ਹੱਥ ਫੜਾ ਦਿੱਤੀ, ਜਿਸ ਨੂੰ ਹੱਥ ਵਿੱਚ ਫੜਦਿਆਂ ਹੀ ਉਸ ਨੇ ਕਿਹਾ ਕਿ ਇਹ ਟਿਕਟ ਇਸ ਬੱਸ ਦੀ ਨਹੀਂ, ਇਸ ਦਾ ਤੁਹਾਨੂੰ ਇੱਕ ਹਜ਼ਾਰ ਰੁਪਿਆ ਹੋਰ ਦੇਣਾ ਪਵੇਗਾ। ਕਾਰਨ ਪੁੱਛਣ ਉੱਤੇ ਕੰਡਕ-ਟਰ ਨੇ ਦੱਸਿਆ ਕਿ ਜਿਸ ਬੱਸ ਦੀ ਟਿਕਟ ਤੁਸੀਂ ਬੁੱਕ ਕੀਤੀ ਹੋਈ ਹੈ, ਉਹ ਏਅਰ-ਕੰਡੀਸ਼ਨਡ ਹੈ, ਪਰ ਏਨੀਆਂ ਸਹੂਲਤਾਂ ਵਾਲੀ ਨਹੀਂ, ਜਿੰਨੀਆਂ ਇਸ ਬਸ ਵਿੱਚ ਦਿੱਤੀਆਂ ਜਾਂਦੀਆਂ ਨੇ। ਉਸ ਨੇ ਇਹ ਵੀ ਦੱਸਿਆ ਕਿ ਉਹ ਬੱਸ ਕਿਸੇ ਕਾਰਨ ਪੰਜਾਬ ਤੋਂ ਅੱਜ ਆਈ ਹੀ ਨਹੀਂ।

ਮੈਂ ਥੱਕਿਆ ਹੋਣ ਕਰ ਕੇ ਕੰਡਕਟਰ ਨਾਲ ਬਹਿਸ ਕਰਨੀ ਉਚਿਤ ਨਾ ਸਮਝੀ ਅਤੇ ਉਸ ਨੂੰ ਹਜ਼ਾਰ ਰੁਪਏ ਦੇ ਕੇ ਸਨਦ ਲੈ ਲਈ। ਬਵੰਜਾਂ ਸੀਟਾਂ ਵਾਲੀ ਉਸ ਬੱਸ ਵਿੱਚ ਕੁੱਲ ਅੱਠ ਐਨ ਆਰ ਆਈ ਸਵਾਰੀਆਂ ਸਨ। ਮੈਂ ਸੋਚ ਰਿਹਾ ਸਾਂ ਕਿ ਇਸ ਬੱਸ ਵਾਲੇ ਆਪਣੇ ਖਰਚੇ ਕਿਵੇਂ ਪੂਰੇ ਕਰਦੇ ਹੋਣਗੇ। ਇਸ ਦੇ ਨਾਲ ਅੱਠਾਂ ਸਵਾਰੀਆਂ ਵੱਲੋਂ ਸਤਾਈ ਸੌ ਰੁਪਿਆ ਫੀ ਸਵਾਰੀ ਵਸੂਲੇ ਗਏ ਭਾੜੇ ਦਾ ਕੁੱਲ ਜੋੜ ਲਾ ਰਿਹਾ ਸਾਂ, ਜੋ 21,600 ਰੁਪਏ ਬਣਦਾ ਸੀ। ਮੈਂ ਸੋਚ ਰਿਹਾ ਸਾਂ ਕਿ ਜੇ ਇਸ ਬੱਸ ਵਿੱਚ ਬਵੰਜਾ ਸਵਾਰੀਆਂ ਹੋਣ ਤਾਂ ਕਿੱਡੀ ਵੱਡੀ ਰਕਮ ਇੱਕ ਗੇੜੇ ਦੇ ਇੱਕ ਪਾਸੇ ਬਣੇਗੀ। ਇੰਨੇ ਨੂੰ ਕੰਡਕਟਰ ਮੇਰੇ ਕੋਲ ਆ ਬੈਠਾ ਅਤੇ ਏਧਰ-ਉਧਰ ਦੀਆਂ ਗੱਲਾਂ ਮਾਰ ਕੇ ਮੇਰੇ ਨਾਲ ਜਾਣ ਪਛਾਣ ਬਣਾਉਣ ਲੱਗਾ। ਮੈਂ ਉਸ ਦੀ ਹਰ ਗੱਲ ਦਾ ਨਾ ਚਾਹੁੰਦਿਆਂ ਹੋਇਆਂ ਵੀ ਹੁੰਗਾਰਾ ਭਰਦਾ ਰਿਹਾ। ਸਫਰ ਕੱਟਦਾ ਰਿਹਾ ਤੇ ਪਤਾ ਹੀ ਨਾ ਲੱਗਾ ਕਿ ਕਿਹੜੇ ਵੇਲੇ ਰਾਜਪੁਰਾ ਆ ਗਿਆ। ਕੰਡਕਟਰ ਸਵਾਰੀ ਉਤਾਰਨ ਉਠ ਕੇ ਜਾਇਆ ਕਰੇ ਅਤੇ ਵਾਪਸ ਮੇਰੇ ਕੋਲ ਆ ਕੇ ਬੈਠ ਜਾਇਆ ਕਰੇ। ਰਾਜਪੁਰਾ ਟੱਪਣ ਤੋਂ ਬਾਅਦ ਉਸ ਨੇ ਮੈਨੂੰ ਪੁੱਛਿਆ ਕਿ ਇੰਗਲੈਂਡ ਵਿੱਚ ਕਿਹੜੀ ਕਰੰਸੀ ਚੱਲਦੀ ਹੈ। ਮੈਂ ਕਿਹਾ ਕਿ ਇਹ ਸਾਰੀ ਦੁਨੀਆ ਨੂੰ ਪਤਾ ਏ ਕਿ ਉਥੇ ਪੌਂਡ ਚਲਦੈ। ਉਹ ਕਹਿੰਦਾ, ''ਅੱਛਾ ਜੀ, ਸੁਣਿਆ ਤਾਂ ਪੌਂਡਾਂ ਬਾਰੇ ਬਹੁਤ ਹੈ, ਪਰ ਦੇ ਦੇਖੇ ਨਹੀਂ ਕਿ ਇਹ ਕਿੱਦਾਂ ਦੇ ਹੁੰਦੇ ਹਨ।''

ਮੇਰੇ ਪੁੱਛਣ ਉੱਤੇ ਉਸ ਨੇ ਦੱਸਿਆ ਕਿ ਉਹ ਪਿਛਲੇ ਤਿੰਨ ਕੁ ਸਾਲ ਤੋਂ ਕੰਡਕਟਰੀ ਕਰ ਰਿਹਾ ਹੈ। ਮੈਨੂੰ ਬੜਾ ਅਚੰਭਾ ਹੋਇਆ ਕਿ ਲਗਾਤਾਰ ਤਿੰਨ ਸਾਲਾਂ ਤੋਂ ਐਨ ਆਰ ਆਈ ਲੋਕਾਂ ਨੂੰ ਪੰਜਾਬ ਢੋਅ ਰਿਹਾ ਉਹ ਨੌਜਵਾਨ ਕਹਿ ਰਿਹਾ ਸੀ ਕਿ ਉਸ ਨੇ ਪੌਂਡ ਦੀ ਸ਼ਕਲ ਨਹੀਂ ਦੇਖੀ। ਗੱਲ ਹਾਜ਼ਮੇ ਵਿੱਚ ਨਾ ਆਵੇ, ਪਰ ਮੈਂ ਬੋਲਿਆ ਕੁਝ ਨਾ। ਥੋੜ੍ਹੀ ਦੇਰ ਬਾਅਦ ਕੰਡਕਟਰ ਨੇ ਆਪਣੇ ਅੰਦਰਲੀ ਗੱਲ ਬਾਹਰ ਇਹ ਕਹਿ ਕੇ ਕੱਢ ਮਾਰੀ ਕਿ ਉਹ ਦੇਖਣਾ ਚਾਹੁੰਦਾ ਹੈ ਕਿ ਪੌਂਡ ਅਸਲ ਵਿਚ ਕਿੱਦਾਂ ਦਾ ਹੁੰਦਾ ਸੀ? ਉਸ ਨੇ ਮੇਰੇ ਕੋਲੋਂ ਇੱਕ ਪੌਂਡ ਰੂਪੀ ਨੋਟ ਦੀ ਮੰਗ ਕੀਤੀ। ਕੰਡਕਟਰ ਦੀ ਇਸ ਗੱਲ ਦਾ ਮਤਲਬ ਤਾਂ ਮੈਂ ਏਨੀ ਦੇਰ ਤੱਕ ਸਮਝ ਚੁੱਕਾ ਸੀ ਕਿ ਉਹ ਅਸਲੋਂ ਮੇਰੇ ਕੋਲੋਂ ਕੀ ਚਾਹੁੰਦਾ ਸੀ, ਪਰ ਉਸ ਨੂੰ ਨਹੀਂ ਸੀ ਪਿਤਾ ਕਿ ਅੱਜ ਉਹ ਜਿਸ ਸ਼ਖਸ ਤੋਂ ਪੌਂਡ ਦੀ ਮੰਗ ਕਰ ਰਿਹਾ ਸੀ, ਉਹ ਦੇਖਣ-ਪਰਖਣ ਨੂੰ ਭੋਲਾ ਜ਼ਰੂਰ ਲੱਗਦਾ ਹੈ, ਪਰ ਇੰਨਾ ਵੀ ਬੁੱਧੂ ਨਹੀਂ ਕਿ ਫਟਾਕ ਦੇਣੀ ਰਾਣੀ ਦੀ ਫੋਟੋ ਵਾਲਾ ਨੋਟ ਹੱਥ ਫੜਾ ਦੇਵੇ। ਮੈਂ ਉਸ ਨੂੰ ਬਹੁਤ ਪਿਆਰ ਨਾਲ ਦੱਸਿਆ ਕਿ ਮੈਂ ਹਵਾਈ ਅੱਡਿਓਂ ਬਾਹਰ ਨਿਕਲਣ ਤੋਂ ਪਹਿਲਾਂ ਕਰੰਸੀ ਚੇਂਜ ਕਰ ਲਈ ਹੈ ਤੇ ਮੇਰੇ ਕੋਲ ਇਸ ਵੇਲੇ ਬਾਹਰਲੀ ਕਰੰਸੀ ਦਾ ਇੱਕ ਪੈਸਾ ਵੀ ਨਹੀਂ, ਹਾਂ! ਜੇ ਪੌਂਡ ਦੇਖਣਾ ਹੈ ਕਿ ਕਿੱਦਾਂ ਦਾ ਹੰਦਾ ਹੈ ਤਾਂ ਇਹ ਵੱਡੀ ਸਮੱਸਿਆ ਨਹੀਂ। ਤੁਸੀਂ ਆਪਣੀ ਮੋਬਾਈਲ ਕੱਢੋ, ਗੂਗਲ ਉੱਤੇ ਜਾਓ, ਪੌਂਡ ਟਾਈਪ ਕਰਨ ਤੋਂ ਬਾਅਦ ਇਮੇਜ ਵਾਲਾ ਬਟਨ ਸਿਲੈਕਟ ਕਰ ਕੇ 'ਗੋ' ਵਾਲੇ ਬਟਨ ਨੂੰ ਪ੍ਰੈੱਸ ਕਰਨ ਤੋਂ ਬਾਅਦ ਹਰ ਤਰ੍ਹਾਂ ਦੇ ਛੋਟੇ-ਵੱਡੇ ਪੌਂਡਾਂ ਦੀਆਂ ਤਸਵੀਰਾਂ ਦੇ ਦਰਸ਼ਨ ਕਰ ਕੇ ਤੁਹਾਨੂੰ ਤਸੱਲੀ ਹੋ ਜਾਵੇਗੀ ਕਿ ਪੌਂਡ ਕਿੱਦਾਂ ਦੇ ਹੁੰਦੇ ਹਨ। ਬੱਸ ਫਿਰ ਕੀ ਜੀ, ਮੇਰੀ ਸਲਾਹ ਦਾ ਅਸਰ ਕੰਡਕਟਰ ਨੌਜਵਾਨ ਉੱਤੇ ਇੰਨਾ ਗਹਿਰਾ ਹੋਇਆ ਕਿ ਉਹ ਜੋ ਸਭਨਾਂ ਸਵਾਰੀਆਂ ਦਾ ਸਾਮਾਨ ਰਸਤੇ ਵਿੱਚ ਦੌੜ-ਦੌੜ ਕੇ ਆਪ ਉਤਾਰਦਾ ਆਇਆ ਸੀ ਤੇ ਭੇਟਾ ਵੀ ਲੈਂਦਾ ਰਿਹਾ ਸੀ, ਮੇਰੀ ਵਾਰੀ ਨੇੜੇ ਵੀ ਨਹੀਂ ਆਇਆ, ਜਿਸ ਕਾਰਨ ਜਲੰਧਰ ਪਹੁੰਚ ਕੇ ਮੈਨੂੰ ਆਪਣਾ ਸਾਮਾਨ ਵੀ ਆਪ ਹੀ ਬੱਸ ਵਿੱਚੋਂ ਧੂਹ-ਘੜੀਸ ਕੇ ਉਤਾਰਨਾ ਪਿਆ।



## ਯੂ ਏ ਈ ਤੋਂ ਖਿਡੌਣਿਆਂ ਵਿੱਚ ਲੁਕਾ ਕੇ ਲਿਆਂਦੇ 11.62 ਲੱਖ ਰੁਪਏ ਦੇ ਸੋਨੇ ਸਮੇਤ ਦੋਸ਼ੀ ਗ੍ਰਿਫਤਾਰ

ਅੰਮ੍ਰਿਤਸਰ, 7 ਮਾਰਚ (ਪੋਸਟ ਬਿਊਰੋ)- ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਏਅਰਪੋਰਟ ਉੱਤੇ ਇੰਟੈਲੀਜੈਂਸ ਟੀਮ ਨੇ ਕੱਲ੍ਹ ਸਵੇਰੇ ਇੱਕ ਅਜਿਹੇ ਯਾਤਰੀ ਨੂੰ ਫੜਿਆ,ਜਿਹੜਾ ਬੱਚਿਆਂ ਦੇ ਖਿਡੌਣਿਆਂ ਵਿੱਚ ਸੋਨਾ ਲੁਕਾ ਕੇ ਲਿਆ ਰਿਹਾ ਸੀ। ਇਸ ਸੋਨੇ ਦੀ ਕੀਮਤ ਕਰੀਬ 11.62 ਲੱਖ ਰੁਪਏ ਦੱਸੀ ਗਈ ਹੈ।



ਜਾਣਕਾਰ ਸੂਤਰਾਂ ਮੁਤਾਬਕ ਛੇ ਵਜੇ ਰਾਮ ਲਾਲ ਖੈਮਾਹ (ਯੂ ਏ ਈ) ਤੋਂ ਆਈ ਫਲਾਈਟ ਨੇ ਏਅਰਪੋਰਟ ਉੱਤੇ ਲੈਂਡ ਕੀਤਾ ਤਾਂ ਏਅਰ ਇੰਟੈਲੀਜੈਂਸ ਅਧਿਕਾਰੀਆਂ ਨੇ ਸੂਚਨਾ ਉੱਤੇ ਯਾਤਰੀਆਂ ਦੇ ਸਾਮਾਨ ਦੀ ਸਕੈਨਿੰਗ ਕੀਤੀ। ਇਸ ਮੌਕੇ ਇੱਕ ਬੈਗ ਵਿੱਚ ਸੋਨਾ ਹੋਣ ਦੇ ਸੰਕੇਤ ਮਿਲੇ ਤਾਂ ਬੈਗ ਦੇ ਮਾਲਕ ਨੂੰ ਅਧਿਕਾਰੀਆਂ ਨੇ ਰੋਕ ਕੇ ਉਸ ਦਾ ਸਾਰਾ ਸਾਮਾਨ ਕਬਜ਼ੇ ਵਿੱਚ ਲੈ ਲਿਆ। ਕਸਟਮ ਅਧਿਕਾਰੀਆਂ ਨੇ ਇਸ ਯਾਤਰੀ ਤੋਂ ਉਸ ਦੇ ਸਾਮਾਨ ਵਿੱਚ ਸੋਨਾ ਹੋਣ ਬਾਰੇ ਪੁੱਛਿਆ ਤਾਂ ਉਸ ਨੇ ਇਨਕਾਰ ਕਰ ਦਿੱਤਾ ਅਤੇ ਸਾਮਾਨ ਦੀ ਤਲਾਸ਼ੀ ਦੇ ਬਾਅਦ ਵੀ ਸੋਨਾ ਨਾ ਮਿਲਿਆ ਤਾਂ ਅਧਿਕਾਰੀਆਂ ਨੇ ਯਾਤਰੀ ਦੇ ਸਾਮਾਨ ਵਿੱਚ ਰੱਖੇ ਖਿਡੌਣਿਆਂ ਦੀ ਜਾਂਚ ਕੀਤੀ ਤਾਂ ਉਸ ਵਿੱਚ ਸੋਨਾ ਮਿਲ ਗਿਆ। ਖਿਡੌਣਿਆਂ ਨੂੰ ਤੋੜਨ ਪਿੱਛੋਂ ਉਨ੍ਹਾਂ ਦੇ ਅੰਦਰੋਂ 274.30 ਗਰਾਮ ਸੋਨਾ ਮਿਲਿਆ। ਕਸਟਮ ਅਧਿਕਾਰੀਆਂ ਨੇ ਸੋਨਾ ਕਬਜ਼ੇ ਵਿੱਚ ਲੈਣ ਪਿੱਛੋਂ ਦੋਸ਼ੀ ਦੇ ਖਿਲਾਫ ਕਸਟਮ ਐਕਟ ਦੇ ਤਹਿਤ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਥਾਣੇ ਮੂਹਰੇ ਪੰਜ ਹਜ਼ਾਰ ਰੁਪਏ ਰਿਸ਼ਵਤ ਲੈਂਦਾ ਏ ਐਸ ਆਈ ਕਾਬੂ

ਜਲੰਧਰ, 7 ਮਾਰਚ (ਪੋਸਟ ਬਿਊਰੋ)- ਥਾਣਾ ਡਵੀਜ਼ਨ ਨੰਬਰ ਛੇ ਦੇ ਏ ਐਸ ਆਈ ਮਨਮੋਹਨ ਕ੍ਰਿਸ਼ਨ ਨੂੰ ਇਸ ਥਾਣੇ ਦੇ ਸਾਹਮਣੇ ਪੰਜ ਹਜ਼ਾਰ ਦੀ ਰਿਸ਼ਵਤ ਲੈਂਦੇ ਹੋਏ ਵਿਜੀਲੈਂਸ ਟੀਮ ਨੇ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ। ਉਸ ਦੇ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ। ਗ੍ਰਿਫਤਾਰ ਏ ਐਸ ਆਈ ਨਾਈਟ ਕਰਫਿਊ ਦੇ ਦੌਰਾਨ ਫੜੀ ਗਈ ਇੱਕ ਕਾਰ ਦੀ ਆਰਸੀ ਦੇਣ ਦੇ ਬਦਲੇ ਵਿੱਚ ਰਿਸ਼ਵਤ ਲੈਂਦਾ ਗ੍ਰਿਫਤਾਰ ਹੋਇਆ ਹੈ।
ਸ਼ਿਕਾਇਤਕਰਤਾਰਾਬਿਨ ਸ਼ਰਮਾ ਵਾਸੀਓਂਕਾਰ ਨਗਰ,ਗੁਰਦਾਸਪੁਰ ਨੇ ਦੱਸਿਆ ਕਿ ਇੱਕ ਦਸੰਬਰ 2020 ਨੂੰ ਉਹ ਜਲੰਧਰ ਆਪਣੇ ਬਿਮਾਰ ਮਾਮੇ ਨੂੰ ਦੇਖਣ ਆਇਆ ਸੀ। ਇਸ ਦੌਰਾਨ ਦੇਰ ਰਾਤ ਉਹ ਆਪਣੇ ਮਾਮੇ ਦੀ ਦਵਾਈ ਲੈਣ ਪੀ ਪੀ ਆਰ ਮਾਰਕੀਟ ਕੋਲੋਂ ਲੰਘ ਰਿਹਾ ਸੀ ਤਾਂ ਏ ਐਸ ਆਈ ਮਨਮੋਹਨ ਕ੍ਰਿਸ਼ਨ ਨਾਈਟ ਕਰਫਿਊ ਦਾ ਹਵਾਲਾ ਦੇ ਕੇ ਉਨ੍ਹਾਂ ਨੂੰ ਸਰਕਾਰੀ ਗੱਡੀ ਵਿੱਚ ਬਿਠਾ ਕੇ ਕਾਰ ਸਮੇਤ ਥਾਣੇ ਲੈ ਗਏ ਅਤੇ ਉਨ੍ਹਾਂ ਦੇ ਖਿਲਾਫ ਕੇਸ ਦਰਜ ਕਰ ਲਿਆ, ਪਰ ਉਸ ਦੀ ਮੌਕੇ ਉੱਤੇ ਜ਼ਮਾਨਤ ਹੋਗਈ। ਰਾਬਿਨ ਨੇ ਜਦ ਏ ਐਸ ਆਈ ਨਾਲ ਕਾਰ ਵਾਪਸ ਦੀ ਗੱਲ ਕੀਤੀ ਤਾਂ ਉਸ ਨੇ ਕਿਹਾ ਕਿ ਕਾਰ ਅਦਾਲਤ ਤੋਂ ਰਿਲੀਜ ਹੋਵੇਗੀ। ਕੋਰਟ ਤੋਂ ਕਾਰ ਦਾ ਸਪੁਰਦਗੀ ਲੈਟਰ ਮਿਲਣ ਦੇ ਬਾਅਦ ਪੀੜਤ ਨੂੰ ਉਸ ਦੀ ਕਾਰ ਮਿਲ ਗਈ, ਪਰ ਕਾਰ ਦੀ ਆਰਸੀ, ਏ ਐਸ ਆਈ ਦੇ ਕੋਲ ਰਹਿ ਗਈ। ਇਸ ਬਾਰੇ ਏ ਐਸ ਆਈ ਨੇ ਆਰਸੀ ਦੇਣ ਬਦਲੇ 15 ਹਜ਼ਾਰ ਰੁਪਏ ਦੀ ਮੰਗ ਕੀਤੀ ਤੇ ਧਮਕੀ ਦਿੱਤੀ ਕਿ ਜੇ ਪੈਸੇ ਨਾ ਮਿਲੇ ਤਾਂ ਉਹ ਕਾਰ ਦੀ ਸਪੁਰਦਗੀ ਕੈਂਸਲ ਕਰਵਾ ਦੇਵੇਗਾ। ਰਾਬਿਨ ਨੇ ਮਾਮਲੇ ਦੀ ਸੂਚਨਾ ਵਿਜੀਲੈਂਸ ਬਿਊਰੋ ਨੂੰ ਦਿੱਤੀ, ਜਿਸ ਦੇ ਬਾਅਦ ਵਿਜੀਲੈਂਸ ਦੀ ਟੀਮ ਨੇ ਕਾਰਵਾਈ ਕੀਤੀ।ਏ ਸੀ ਪੀ ਹਰਿੰ-ਦਰ ਸਿੰਘ ਨੇ ਦੱਸਿਆ ਕਿ ਦੋਸ਼ੀ ਏ ਐਸ ਆਈ ਨੂੰ ਥਾਣੇ ਅੱਗੇ ਗ੍ਰਿਫਤਾਰ ਕੀਤਾ ਹੈ।

## ਗੁਆਂਢੀ ਦੇ ਦੋ ਬੱਚਿਆਂ ਦੀ ਹੱਤਿਆ ਪਿੱਛੋਂ ਨੌਜਵਾਨ ਵੱਲੋਂ ਖੁਦਕੁਸ਼ੀ

ਲੁਧਿਆਣਾ, 7 ਮਾਰਚ (ਪੋਸਟ ਬਿਊਰੋ)- ਥਾਣਾ ਫੋਕਲ ਪੁਆਇੰਟ ਹੇਠਲੇ ਰਾਜੀਵ ਗਾਂਧੀ ਕਾਲੋਨੀ ਵਿੱਚ ਗੁਆਂਢੀ ਦੇ ਦੋ ਬੱਚਿਆਂ ਦੀ ਹੱਤਿਆ ਕਰਨ ਪਿੱਛੋਂ ਇੱਕ ਨੌਜਵਾਨ ਵੱਲੋਂ ਖੁਦਕੁਸ਼ੀ ਕੀਤੇ ਜਾਣ ਦਾ ਪਤਾ ਲੱਗਾ ਹੈ। ਮ੍ਰਿਤਕ ਬੱਚਿਆਂ 'ਚ ਰਜਨੀਸ਼ (8) ਅਤੇ ਮਨੀਸ਼ (6) ਪੁੱਤਰ ਸ਼ਿਵ ਸ਼ੰਕਰ ਤਿਵਾੜੀ ਸ਼ਾਮਲ ਹਨ।



ਮੂਲ ਰੂਪ ਵਿੱਚ ਉਤਰ ਪ੍ਰਦੇਸ਼ ਦਾ ਵਾਸੀ ਸ਼ਿਵ ਸ਼ੰਕਰ ਪਿਛਲੇ ਕੁਝ ਸਮੇਂ ਤੋਂ ਆਪਣੇ ਪਰਵਾਰ ਨਾਲ ਰਾਜੀਵ ਗਾਂਧੀ ਕਾਲੋਨੀ ਵਿੱਚ ਕਿਰਾਏ ਉੱਤੇ ਰਹਿ ਰਿਹਾ ਹੈ। ਉਸ ਦੇ ਗੁਆਂਢ ਵਿੱਚ ਬਿਹਾਰ ਦਾ ਵਸਨੀਕ ਸ਼ੈਲਿੰਦਰ (21) ਆਪਣੇ ਇੱਕ ਰਿਸ਼ਤੇਦਾਰ ਨਾਲ ਰਹਿ ਰਿਹਾ ਸੀ ਅਤੇ ਅਜੇ ਕੁਆਰਾ ਸੀ। ਸੈਲਿੰਦਰ ਬੱਚਿਆਂ ਦੀ ਮਾਂ ਉੱਤੇ ਮਾੜੀ ਨਿਗ੍ਹਾ ਰੱਖਦਾ ਸੀ ਤੇ ਉਸ ਨਾਲ ਛੇੜਖਾਨੀ ਕਰਦਾ ਸੀ। ਪੀੜਤਾ ਨੇ ਇਸ ਬਾਰੇ ਆਪਣੇ ਪਤੀ ਸ਼ਿਵ ਸ਼ੰਕਰ ਨੂੰ ਦੱਸਿਆ ਸੀ। ਪਰਸੋਂ ਸ਼ਿਵ ਸ਼ੰਕਰ ਨੇ ਸੈਲਿੰਦਰ ਦੀ ਸ਼ਿਕਾਇਤ ਮਕਾਨ ਮਾਲਕ ਨੂੰ ਕੀਤੀ ਤੇ ਮਾਲਕ ਨੇ ਸ਼ੈਲਿੰਦਰ ਨੂੰ ਅਜਿਹੀਆਂ ਹਰਕਤਾਂ ਤੋਂ ਬਾਜ਼ ਆਉਣ ਦੀ ਚਿਤਾਵਨੀ ਦਿੱਤੀ ਸੀ। ਸ਼ੈਲਿੰਦਰ ਗੁਆਂਢੀ ਸ਼ਿਵ ਸ਼ੰਕਰ ਨਾਲ ਰੰਜਿਸ਼ ਰੱਖਣ ਲੱਗ ਪਿਆ। ਕੱਲ੍ਹ ਸਵੇਰੇ ਉਹ ਸ਼ਿਵ ਸ਼ੰਕਰ ਦੇ ਕਮਰੇ ਵਿੱਚ ਗਿਆ, ਜਿੱਥੇ ਬੱਚੇ ਖੇਡ ਰਹੇ ਸਨ ਤੇ ਤੇਜ਼ਧਾਰ ਹਥਿਆਰ ਨਾਲ ਬੱਚਿਆਂ ਦੇ ਗਲੇ ਉੱਤੇ ਵਾਰ ਕਰ ਦਿੱਤਾ। ਬੱਚਿਆਂ ਦੀਆਂ ਚੀਕਾਂ ਸੁਣ ਕੇ ਸ਼ਿਵ ਸ਼ੰਕਰ ਦੀ ਪਤਨੀ, ਜੋ ਬਾਹਰ ਭਾਂਡੇ ਧੋ ਰਹੀ ਸੀ, ਕਮਰੇ ਵਿੱਚ ਆਈ, ਪਰ ਦੋਸ਼ੀ ਨੇ ਕਮਰੇ ਨੂੰ ਅੰਦਰੋਂ ਬੰਦ ਕਰ ਲਿਆ ਸੀ। ਰੌਲਾ ਸੁਣ ਕੇ ਆਸ-ਪਾਸ ਦੇ ਲੋਕ ਆ ਗਏ ਤੇ ਜਦੋਂ ਦਰਵਾਜ਼ਾ ਤੋੜ ਕੇ ਅੰਦਰ ਗਏ ਤਾਂ ਦੋਵੇਂ ਬੱਚੇ ਦਮ ਤੋੜ ਚੁੱਕੇ ਸਨ ਤੇ ਉਨ੍ਹਾਂ ਦੀਆਂ ਲਹੂ ਲੁਹਾਨ ਲਾਸ਼ਾਂ ਜ਼ਮੀਨ ਉੱਤੇ ਪਈਆਂ ਸਨ। ਸ਼ੈਲਿੰਦਰ ਨੇ ਵੀ ਉਥੇ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਸੀ। ਘਟਨਾ ਸਮੇਂ ਸ਼ਿਵ ਸ਼ੰਕਰ ਫੈਕਟਰੀ ਵਿੱਚ ਡਿਊਟੀ ਉੱਤੇ ਗਿਆ ਹੋਇਆ ਸੀ। ਪੁਲਸ ਅਨੁਸਾਰ ਸ਼ੈਲਿੰਦਰ ਆਪਣੇ ਰਿਸ਼ਤੇਦਾਰ ਨਾਲ ਪਿਛਲੇ ਦੋ ਸਾਲ ਤੋਂ ਇੱਥੇ ਰਹਿ ਰਿਹਾ ਸੀ ਅਤੇ ਮਜ਼ਦੂਰੀ ਕਰਦਾ ਸੀ। ਉਸ ਦੀ ਰਾਤ ਦੀ ਡਿਊਟੀ ਹੁੰਦੀ ਸੀ।

## ਖੁਦਕੁਸ਼ੀ ਕਰਨ ਤੋਂ ਪਹਿਲਾਂ ਕੇਹਰ ਸਿੰਘ ਨੇ ਵੀਡੀਓ ਬਣਾਈ

ਜਲੰਧਰ, 7 ਮਾਰਚ (ਪੋਸਟ ਬਿਊਰੋ)- ਗੋਰਾਇਆ ਦੇ ਪਿੰਡ ਚੀਮਾ ਖੁਰਦ ਵਿੱਚ ਦੋ ਬੱਚਿਆਂ ਸਮੇਤ ਜ਼ਹਿਰ ਖਾ ਕੇ ਜਾਨ ਦੇਣ ਵਾਲੇ ਕੇਹਰ ਸਿੰਘ ਦੇ ਕੇਸ ਵਿੱਚ ਨਵਾਂ ਮੋੜ ਆ ਗਿਆ। ਪੁਲਸ ਦੇ ਹੱਥ ਕੇਹਰ ਸਿੰਘ ਦਾ ਮੋਬਾਈਲ ਲੱਗਾ ਹੈ, ਜਿਸ ਵਿੱਚ ਉਸ ਨੇ ਆਪਣੀ ਇੱਕ ਵੀਡੀਓ ਬਣਾਈ ਹੋਈ ਸੀ, ਜਿਸ ਵਿੱਚ ਉਸ ਨੇ ਆਪਣੀ ਮੌਤ ਲਈ ਆਪਣੀ ਪਤਨੀ ਰਿੰਪੀ ਉਰਫ ਮੋਨਾ, ਸੱਸ ਊਸ਼ਾ ਰਾਣੀ, ਸਹੁਰਾ ਸੁਰਿੰਦਰ ਪਾਲ, ਸਾਲਾ ਲਾਲ ਚੰਦਰ ਉਰਫ ਲਾਲੀ, ਰਾਕੇਸ਼ ਕੁਮਾਰ ਰਿੰਕੂ, ਅਜੈ ਕੁਮਾਰ ਉਰਫ ਰਵੀ, ਫਗਵਾੜਾ ਵਾਸੀ ਭੂਆ ਸੱਸ ਗੁਰਮੀਤੋ ਉਰਫ ਗੁੱਡੀ ਅਤੇ ਇੱਕ ਰਿਸ਼ਤੇਦਾਰ ਸੁਖਦੇਵ ਰਾਮ



ਉਰਫ ਸੁੱਖਾ ਨੂੰ ਜ਼ਿੰਮੇਵਾਰੀ ਠਹਿਰਾਇਆ ਹੈ। ਪੁਲਸ ਨੇ ਦੋਸ਼ੀ ਪਤਨੀ, ਸੱਸ, ਸਹੁਰੇ ਤੇ ਰਿਸ਼ਤੇਦਾਰ ਸੁਖਦੇਵ ਨੂੰ ਗ੍ਰਿਫਤਾਰ ਕਰ ਲਿਆ ਅਤੇ ਬਾਕੀ ਦੋਸ਼ੀਆਂ ਦੀ ਤਲਾਸ਼ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ।
ਬੀਤੇ ਸ਼ੁੱਕਰਵਾਰ ਨੂੰ ਚੀਮਾ ਖੁਰਦ ਦੇ ਕੇਹਰ ਸਿੰਘ ਨੇ ਆਪਣੇ ਦੋ ਬੱਚਿਆਂ ਬੇਟੀ ਪ੍ਰਭਜੋਤ ਤੇ ਬੇਟੇ ਏਕਮ ਦੇ ਨਾਲ ਜ਼ਹਿਰ ਖਾ ਕੇ ਆਤਮਹੱਤਿਆ ਕਰ ਲਈ ਸੀ। ਕੇਹਰ ਸਿੰਘ ਦਾ ਵਿਆਹ ਰਿੰਪੀ ਉਰਫ ਮੋਨਾ ਨਾਲ 13 ਸਾਲ ਪਹਿਲਾਂ ਹੋਇਆ ਸੀ। ਪਿਛਲੇ ਕੁਝ ਮਹੀਨਿਆਂ ਤੋਂ ਉਸ ਦਾ ਪਤਨੀ ਨਾਲ ਝਗੜਾ ਇੰਨਾ ਵਧ ਗਿਆ ਸੀ ਕਿ ਦੋਵਾਂ ਵਿੱਚ ਤਲਾਕ ਦੀ ਨੌਬਤ ਆ ਗਈ ਸੀ। ਕਰੀਬ ਇੱਕ ਮਹੀਨਾ ਪਹਿਲਾਂ ਮੋਨਾ ਆਪਣਾ ਪੇਕੇ ਗੋਰਾਇਆ ਦੇ ਪਿੰਡ ਤਗਾੜਾ ਵਿੱਚ ਚਲੀ ਗਈ ਸੀ। ਕੇਹਰ ਸਿੰਘ ਬੇਟੀ ਪ੍ਰਭਜੋਤ ਤੇ ਬੇਟੇ ਏਕਮ ਦੇ ਨਾਲ ਰਹਿ ਰਿਹਾ ਸੀ। ਉਹ ਪਤਨੀ ਨੂੰ ਲੈਣ ਲਈ ਕਈ ਵਾਰ ਸਹੁਰੇ ਗਿਆ, ਪਰ ਉਹ ਨਹੀਂ ਆਈ। ਪਿੰਡ ਦੀ ਪੰਚਾਇਤ ਵਿੱਚ ਇਸ ਬਾਰੇ ਰਾਜ਼ੀਨਾਮਾ ਵੀ ਹੋਇਆ, ਇਸ ਦੇ ਬਾਵਜੂਦ ਮੋਨਾ ਨੇ ਪਤੀ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ। ਇਸ ਗੱਲ ਬਾਰੇ ਕੇਹਰ ਸਿੰਘ ਪ੍ਰੇਸ਼ਾਨ ਰਹਿੰਦਾ ਸੀ।
ਦੱਸਿਆ ਗਿਆ ਹੈ ਕਿ ਸ਼ੁੱਕਰਵਾਰ ਸਵੇਰੇ 11 ਵਜੇ ਦੇ ਕਰੀਬ ਕੇਹਰ ਸਿੰਘ ਨੂੰ ਮੋਨਾ ਦਾ ਫੋਨ ਆਇਆ, ਜਿਸ ਦੇ ਬਾਅਦ ਉਹ ਕਾਫੀ ਪ੍ਰੇਸ਼ਾਨ ਹੋ ਗਿਆ। ਦੁਪਹਿਰ 12 ਵਜੇ ਰਿਸ਼ਤੇਦਾਰ ਉਸ ਨੂੰ ਮਿਲਣ ਗਏ ਤਾਂ ਦੇਖਿਆ ਕਿ ਕੇਹਰ ਅਤੇ ਉਸ ਦੇ ਬੱਚਿਆਂ ਦੇ ਮੂੰਹ 'ਚੋਂ ਝੱਗ ਨਿਕਲ ਰਹੀ ਸੀ। ਦੱਸਿਆ ਜਾਂਦਾ ਹੈ ਕਿ ਘਰ ਦੇ ਪਿਛਲੇ ਹਿੱਸੇ ਵਿੱਚ ਲਿਜਾ ਕੇ ਕੇਹਰ ਸਿੰਘ ਨੇ ਪਹਿਲਾਂ ਬੇਟੀ ਤੇ ਫਿਰ ਬੇਟੇ ਨੂੰ ਜ਼ਹਿਰ ਦਿੱਤਾ। ਇਸ ਦੇ ਬਾਅਦ ਖੁਦ ਖਾ ਲਿਆ। ਪੁਲਸ ਨੇ ਕੇਹਰ ਸਿੰਘ ਦੀ ਭੈਣ ਹੁਸੈਨਪੁਰ ਵਾਸੀ ਰਾਜਰਾਣੀ ਪਤਨੀ ਸੁਰਜੀਤ ਕੁਮਾਰ ਦੇ ਬਿਆਨਾਂ ਉੱਤੇ ਮਾਮਲਾ ਦਰਜ ਕਰ ਲਿਆ ਸੀ।

## ਕੈਨੇਡਾ ਚਲੇ ਜਾਣਾ ਚਾਹੁੰਦੇ ਹਨ ਪੰਜਾਬ ਦੇ 78 ਫੀਸਦੀ ਮੁੰਡੇ

ਚੰਡੀਗੜ੍ਹ, 7 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਨੌਜਵਾਨਾਂ, ਖਾਸਕਰ ਵਿਦਿਆਰਥੀਆਂ ਦਾ ਦਿਲ ਦੇਸ਼ ਛੱਡਣ ਦੇ ਲਈ ਕਾਹਲਾ ਹੈ ਅਤੇ 78 ਫੀਸਦੀ ਵਿਦਿਆਰਥੀ ਪੰਜਾਬ ਛੱਡ ਕੇ ਕੈਨੇਡਾ ਜਾਣ ਦੇ ਇਛੁੱਕ ਹਨ।
ਇਹ ਗੱਲ ਪੰਜਾਬੀ ਯੂਨੀਵਰਸਿਟੀ ਵੱਲੋਂ ਬਠਿੰਡੇ ਦੇ ਆਈਲੈਟਸ ਸੈਂਟਰਾਂ ਬਾਰੇ ਕੀਤੇ ਗਏ ਸਰਵੇ ਤੋਂ ਤੱਥ ਪਤਾ ਲੱਗੀ ਹੈ। ਵਰਨਣ ਯੋਗ ਹੈ ਕਿ ਉਚੇਰੀ ਸਿੱਖਿਆ ਵਿਭਾਗ ਦੇ ਮੰਤਰੀ ਤ੍ਰਿਪਤਰਜਿੰਦਰ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿੱਚ ਪੰਜਾਬੀ ਯੂਨੀਵਰਸਿਟੀ ਵੱਲੋਂ ਅਧਿਐਨ ਰਿਪੋਰਟ ਬਣਾਉਣ ਦੀ ਹਾਮੀ ਭਰੀ ਹੈ। ਸੰਧਵਾਂ ਨੇ ਉਚੇਰੀ ਸਿੱਖਿਆ ਵਿਭਾਗ ਦੇ ਮੰਤਰੀ ਨੂੰ ਇਹ ਪੁੱਛਿਆ ਸੀ ਕਿ ਪੰਜਾਬੀ ਯੂਨੀਵਰਸਿਟੀ ਦੇ ਦੋ ਪ੍ਰੋਫੈਸਰਾਂ ਵੱਲੋਂ ਮਾਲਵਾ ਖੇਤਰ ਬਾਰੇ ਕੀਤੇ ਅਧਿਐਨ ਮੁਤਾਬਕ 78 ਫੀਸਦੀ ਵਿਦਿਆਰਥੀ, ਜੋ ਪੇਂਡੂ ਕਿਸਾਨੀ ਨਾਲ ਸਬੰਧ ਰੱਖਦੇ ਹਨ, ਕੈਨੇਡਾ ਜਾ ਰਹੇ ਹਨ।ਸੰਧਵਾਂ ਨੇ ਕਿਹਾ ਕਿ ਇਹ ਖੇਤੀ ਸੰਕਟ, ਜ਼ਿੰਦਗੀ ਜਿਊਣ ਲਈ ਰੋਜ਼ਗਾਰ ਦੀ



ਕਮੀ, ਨਸ਼ਿਆਂ ਦੇ ਫੈਲਾਅ ਤੇ ਸੂਬੇ ਦੇ ਰਾਜ ਪ੍ਰਬੰਧ ਵਿੱਚ ਫੈਲੀ ਅਰਾਜਕਤਾ ਕਾਰਨ ਹੁੰਦਾ ਪਿਆ ਹੈ। ਬਾਜਵਾ ਦਾ ਕਹਿਣਾ ਹੈ ਕਿ ਪੰਜਾਬੀ ਯੂਨੀਵਰਸਿਟੀ ਦਾ ਇਹ ਅਧਿਐਨ ਦੋ ਅਧਿਆਪਕਾਂ ਨੇ ਕੇਵਲ ਬਠਿੰਡਾ ਸ਼ਹਿਰ ਦੇ ਆਈਲੈਟਸ ਸੈਂਟਰਾਂ ਵਿੱਚ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਸੀਮਤ ਵਿਦਿਆਰਥੀਆਂ ਦਾ ਪ੍ਰਗਟਾਵਾ ਸੀ, ਆਮ ਧਾਰਾ ਨਾਲ ਸਬੰਧਤ ਸਾਰੇ ਵਿਦਿਆਰਥੀਆਂ ਦਾ ਨਹੀਂ ਅਤੇ ਇਹ ਰੁਝਾਨ ਇਮੀਗਰੇਸ਼ਨ ਏਜੰਸੀਆਂ ਤੇ ਆਈਲੈਟਸ ਅਕੈਡਮੀਆਂ ਲਈ ਕਮਾਈ ਦਾ ਸਾਧਨ ਬਣਿਆ ਹੋਇਆ ਹੈ ਅਤੇ ਕਈ ਦੇਸ਼ਾਂ ਦੀ ਸੌਖੀ ਵੀਜ਼ਾ ਪ੍ਰਣਾਲੀ ਵੀ ਵੱਡੀ ਵਜ੍ਹਾ ਹੈ।
ਪਤਾ ਲੱਗਾ ਹੈ ਕਿ ਯੂਨੀਵਰਸਿਟੀ ਨੇ ਪੇਂਡੂ ਖੇਤਰ ਦਾ ਸਰਵੇ ਕਰਵਾਇਆ ਤਾਂ ਪਤਾ ਲੱਗਾ ਕਿ ਪਿਛਲੇ ਦਸ ਸਾਲਾਂ ਵਿੱਚ ਦੋ ਲੱਖ ਤੋਂ ਵੱਧਲੋਕਾਂ ਨੇ ਖੇਤੀਬਾੜੀ ਧੰਦਾ ਛੱਡਿਆ ਸੀ ਅਤੇ ਕਈ ਕਿਸਾਨ, ਜ਼ਮੀਨ ਵੇਚ ਕੇ ਬੱਚਿਆਂ ਨੂੰ ਕੈਨੇਡਾ ਭੇਜ ਰਹੇ ਹਨ। ਵਿਦਿਆਰਥੀਆਂ ਦੇ ਵਿਦੇਸ਼ਜਾਣ ਦੇ ਰੁਝਾਨ ਨੂੰ ਸਿਆਸਤਦਾਨ ਤੇ ਸਰਕਾਰਾਂ ਹਲਕੇ ਢੰਗ ਨਾਲ ਲੈ ਰਹੇ ਹਨ, ਪਰ ਸਮਾਜਕ ਮਾਹਰ ਇਸ ਨੂੰ ਪੰਜਾਬ ਦੇ ਭਵਿੱਖ ਲਈ ਖਤਰਾ ਦੱਸ ਰਹੇ ਹਨ।

## ਮੁਸਲਿਮ ਲੜਕੀ ਨੇ ਸਿੱਖ ਲੜਕੇ ਨਾਲ ਵਿਆਹ ਲਈ ਧਰਮ ਬਦਲਿਆ

* ਹਾਈ ਕੋਰਟ ਵੱਲੋਂ ਦੋਵਾਂ ਦੀ ਸੁਰੱਖਿਆ ਦੇ ਹੁਕਮ ਜਾਰੀ




ਚੰਡੀਗੜ੍ਹ, 7 ਮਾਰਚ (ਪੋਸਟ ਬਿਊਰੋ)-ਇੱਕ ਮੁਸਲਿਮ ਲੜਕੀ ਨੇ ਆਪਣਾ ਧਰਮ ਬਦਲ ਕੇ ਸਿੱਖ ਲੜਕੇ ਨਾਲ ਵਿਆਹ ਕਰਨ ਦੇ ਬਾਅਦ ਹਾਈ ਕੋਰਟ ਤੋਂ ਸੁਰੱਖਿਆ ਦੀ ਮੰਗ ਕੀਤੀ ਤਾਂ ਕੋਰਟ ਨੇ ਦੋਵਾਂ ਦੀ ਸੁਰੱਖਿਆ ਲਈ ਜਲੰਧਰ ਦੇ ਐਸ ਐਸ ਪੀ (ਰੂਰਲ) ਨੂੰ ਇਸ ਉੱਤੇਵਿਚਾਰ ਕਰਨ ਦੇ ਹੁਕਮ ਦੇ ਦਿੱਤੇ ਹਨ।
ਜਸਟਿਸ ਗੁਰਵਿੰਦਰ ਸਿੰਘ ਗਿੱਲ ਨੇ ਦੋਵਾਂ ਦੀ ਸੁਰੱਖਿਆ ਦੇ ਹੁਕਮ ਦੇ ਕੇ ਕਿਹਾ ਕਿ ਹਾਈ ਕੋਰਟ ਇਨ੍ਹਾਂ ਦੋਵਾਂ ਦੀ ਵਿਆਹ ਦੀ ਵੈਧਤਾ ਉੱਤੇ ਕੋਈ ਟਿੱਪਣੀ ਨਹੀਂ ਕਰ ਰਹੀ, ਪਰ ਜੇ ਦੋਵਾਂ ਨੂੰ ਜਾਨ ਦਾ ਖਤਰਾ ਹੈ ਤਾਂ ਪੁਲਸ ਉਨ੍ਹਾਂ ਦੇ ਖਤਰੇ ਦਾ ਮੁਲਾਂਕਣ ਕਰ ਕੇ ਸੁਰੱਖਿਆ ਹਾਸਲ ਕਰਵਾਏ। ਪ੍ਰੇਮੀ ਜੋੜੇ ਨੇ ਕੋਰਟ ਵਿੱਚ ਅਰਜ਼ੀ ਦੇ ਕੇ ਕਿਹਾ ਸੀ ਕਿ ਦੋਵੇਂ ਇੱਕ ਦੂਸਰੇ ਨਾਲ ਪ੍ਰੇਮ ਕਰਦੇ ਹਨ। ਲੜਕੀ ਜਨਮ ਤੋਂ ਮੁਸਲਿਮ ਤੇ ਲੜਕਾ ਸਿੱਖ ਹੈ। ਲੜਕੀ ਨੇ ਕੋਰਟ ਨੂੰ ਦੱਸਿਆ ਕਿ ਉਸ ਨੇ ਆਪਣੀ ਮਰਜ਼ੀ ਨਾਲ ਬਿਨਾਂ ਕਿਸੇ ਦਬਾਅ ਦੇ ਪ੍ਰੇਮ ਵਿਆਹ ਲਈ ਆਪਣਾ ਧਰਮ ਬਦਲ ਕੇ ਸਿੱਖ ਧਰਮ ਅਪਣਾ ਲਿਆ ਤੇ ਸਿੱਖ ਰੀਤੀ-ਰਿਵਾਜ ਨਾਲ ਦੋਵਾਂ ਨੇ ਵਿਆਹ ਕਰ ਲਿਆ, ਪਰ ਇਸ ਵਿਆਹ ਤੋਂ ਉਸ ਦੇ ਪਰਵਾਰ ਵਾਲੇ ਖੁਸ਼ ਨਹੀਂ।

## ਬੱਚਾ ਗੋਦ ਵਿੱਚ ਲੈ ਕੇ ਡਿਊਟੀ ਕਰਨ ਵਾਲੀ ਮਹਿਲਾ ਕਾਂਸਟੇਬਲ ਬਾਰੇ ਵਿਭਾਗੀ ਜਾਂਚ ਸ਼ੁਰੂ

ਚੰਡੀਗੜ੍ਹ, 7 ਮਾਰਚ (ਪੋਸਟ ਬਿਊਰੋ)- ਆਪਣੇ ਬੱਚੇ ਨੂੰ ਗੋਦ ਵਿੱਚ ਲੈ ਕੇ ਸੈਕਟਰ 15-16-23-24 ਦੇ ਚੌਕ ਉੱਤੇ ਡਿਊਟੀ ਕਰਨਾ ਕਾਂਸਟੇਬਲ ਪ੍ਰਿਅੰਕਾ ਨੂੰ ਭਾਰੀ ਪੈ ਗਿਆ। ਐਸ ਐਸ ਪੀ ਟ੍ਰੈਫਿਕ ਨੇ ਡੀ ਐਸ ਪੀ ਦੀ ਸਪੈਸ਼ਲ ਰਿਪੋਰਟ ਉੱਤੇ ਮਹਿਲਾ ਕਾਂਸਟੇਬਲ ਪ੍ਰਿਅੰਕਾ ਦੀ ਵਿਭਾਗੀ ਜਾਂਚ ਸ਼ੁਰੂ ਕਰ ਕੇ ਇਸ ਦਾ ਜ਼ਿੰਮਾ ਸੈਂਟਰਲ ਡਵੀਜ਼ਨ ਦੀ ਇੰਸਪੈਕਟਰ ਗੁਰਜੀਤ ਕੌਰ ਨੂੰ ਸੌਂਪਿਆ ਗਿਆ ਹੈ।
ਪਤਾ ਲੱਗਾ ਹੈ ਕਿ ਚੰਡੀਗੜ੍ਹ ਟਰੈਫਿਕ ਪੁਲਸ ਕਾਂਸਟੇਬਲ ਪ੍ਰਿਅੰਕਾ ਸ਼ੁਕਰਵਾਰ ਸਵੇਰੇ ਆਪਣੇ ਬੱਚੇ ਨੂੰ ਨਾਲ ਲੈ ਕੇ ਡਿਊਟੀ ਉੱਤੇ ਪਹੁੰਚੀ ਅਤੇ ਸੈਕਟਰ 24 ਦੇ ਚੌਕ ਉੱਤੇ ਬੱਚੇ ਨੂੰ ਗੋਦ ਵਿੱਚ ਲੈ ਕੇ ਟਰੈਫਿਕ ਮੈਨੇਜ ਕਰ ਰਹੀ ਸੀ। ਇਸ ਮੌਕੇ ਰਾਹਗੀਰਾਂ ਨੇ ਉਸ ਦਾ ਵੀਡੀਓ ਬਣਾ ਲਿਆ, ਜੋ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਿਹਾਹੈ।ਵੀਡੀਓ ਬਾਰੇਲੋਕਾਂ ਨੇ ਅਲੱਗ-ਅਲੱਗ ਪ੍ਰਤੀਕਿਰਿਆ ਦਿੱਤੀ।



ਕੋਈ ਮਾਂ ਦੀ ਮਮਤਾ ਅਤੇ ਡਿਊਟੀ ਦੇ ਫਰਜ਼ ਨੂੰ ਸਲਿਊਟ ਕਰ ਰਿਹਾ ਸੀ, ਤਾਂ ਕਿਸੇ ਨੇ ਵਿਭਾਗ ਦੀ ਕਾਰਜਸ਼ੈਲੀ ਉੱਤੇ ਸਵਾਲ ਖੜ੍ਹੇ ਕਰ ਦਿੱਤੇ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮਹਿਲਾ ਕਾਂਸਟੇਬਲ ਦੇਰ ਨਾਲ ਡਿਊਟੀ ਉੱਤੇ ਪਹੁੰਚੀ ਸੀ ਅਤੇ ਗੈਰ ਹਾਜ਼ਰ ਵੀ ਸੀ, ਇਸ ਲਈ ਉਸ ਦੇ ਖਿਲਾਫ ਜਾਂਚ ਦੇ ਹੁਕਮ ਦਿੱਤੇ ਗਏ ਹਨ। ਉਸ ਵੱਲੋਂ ਡਿਊਟੀ ਬਾਰੇ ਹੰਗਾਮਾ ਕਰਨ ਅਤੇ ਅਨੁਸ਼ਾਸਨਹੀਣਤਾ ਦੀ ਸ਼ਿਕਾਇਤ ਅਫਸਰਾਂ ਨੂੰ ਕੀਤੀ ਤਾਂ ਡਿਊਟੀ ਸ਼ਡਿਊਲ ਦੀ ਜਾਂਚ ਇੰਸਪੈਕਟਰ ਗੁਰਜੀਤ ਕੌਰ ਨੂੰ ਸੌਂਪੀ ਗਈ ਹੈ। ਡੀ ਐਸ ਪੀ ਟ੍ਰੈਫਿਕ ਐਂਡ ਪੀ ਆਰ ਓ ਚਰਨਜੀਤ ਸਿੰਘ ਨੇ ਦੱਸਿਆ ਕਿ ਕਾਂਸਟੇਬਲ ਪ੍ਰਿਅੰਕਾ ਸਵੇਰੇ ਦੀ ਡਿਊਟੀ ਉੱਤੇ ਲੇਟ ਪਹੁੰਚੀ ਤਾਂ ਗੈਰ ਹਾਜ਼ਰ ਕਰਦਿੱਤੀ ਜਾਣ ਉੱਤੇ ਉਸ ਨੇ ਹੰਗਾਮਾ ਸ਼ੁਰੂ ਕਰ ਦਿੱਤਾ। ਉਚ ਅਧਿਕਾਰੀਆਂ ਦੇ ਹੁਕਮ ਦੀ ਅਣਦੇਖੀ ਕਾਰਨ ਉਸ ਬਾਰੇ ਜਾਂਚ ਸ਼ੁਰੂ ਹੋਈ ਹੈ।

## ਫਰਾਂਸ ਭੇਜਣ ਦੇ ਨਾਂਅ ਉਤੇ ਪੰਜ ਲੱਖ ਠੱਗਣ ਵਾਲੇ ਉੱਤੇ ਕੇਸ ਦਰਜ




ਜਲੰਧਰ, 7 ਮਾਰਚ (ਪੋਸਟ ਬਿਊਰੋ)- ਪੱਕੇ ਤੌਰ ਉੱਤੇ ਫਰਾਂਸ ਭੇਜਣ ਦੇ ਨਾਂਅ ਉੱਤੇ ਪੰਜ ਲੱਖ ਰੁਪਏ ਦੀ ਠੱਗੀ ਕਰਨ ਦੇ ਦੋਸ਼ ਵਿੱਚ ਥਾਣਾ ਸਦਰ ਦੀ ਪੁਲਸ ਨੇ ਟ੍ਰੈਵਲ ਏਜੰਟ ਮੁਕੇਸ਼ ਕੁਮਾਰ ਪੁੱਤਰ ਵਿਜੇ ਕੁਮਾਰ ਵਾਸੀ ਜੋੜਾ ਫਾਟਕ (ਅੰਮ੍ਰਿਤਸਰ) ਦੇ ਖਿਲਾਫ ਕੇਸ ਦਰਜ ਕਰ ਲਿਆ ਹੈ, ਪਰ ਦੋਸ਼ੀ ਦੀ ਅਜੇ ਗ੍ਰਿਫਤਾਰੀ ਨਹੀਂ ਹੋਈ।
ਏ ਸੀ ਪੀ ਜਲੰਧਰ ਕੈਂਟ ਮੇਜਰ ਸਿੰਘ ਢੱਡਾ ਨੇ ਦੱਸਿਆ ਕਿ ਸ਼ਿਕਾਇਤਕਰਤਾ ਰਜਤ ਕੁਮਾਰ ਪੁੱਤਰ ਸਤਨਾਮ ਰਾਮ ਪਿੰਡ ਬਰਸਾਲਾਂ (ਉਦੋਮਪੁਰ) ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਮੁਕੇਸ਼ ਕੁਮਾਰ ਨੇ ਉਸ ਨੂੰ ਤੇ ਉਸ ਦੇ ਪਿਤਾ ਨੂੰ ਝਾਂਸੇ ਵਿੱਚ ਲੈ ਕੇ ਫਰਾਂਸ ਭੇਜਣ ਦੇ ਨਾਂਅ ਉੱਤੇ ਅੱਠ ਲੱਖ ਰੁਪਏ ਮੰਗੇ ਸਨ, ਜਿਸ ਵਿੱਚੋਂ ਉਹ ਪੰਜ ਲੱਖ ਰੁਪਏ ਲੈ ਚੁੱਕਾ ਸੀ। ਬਾਕੀ ਦੇ ਪੈਸੇ ਉਸ ਨੂੰ ਕੰਮ ਹੋਣ ਉੱਤੇ ਦੇਣੇ ਸਨ, ਪਰ ਕੰਮ ਨਾ ਹੋਣ ਉੱਤੇ ਜਦ ਉਸ ਤੋਂ ਉਨ੍ਹਾਂ ਆਪਣੇ ਪੈਸੇ ਵਾਪਸ ਮੰਗੇ ਤਾਂ ਉਸ ਨੇ ਟਾਲਮਟੋਲ ਕਰਨਾ ਸ਼ੁਰੂ ਕਰ ਦਿੱਤਾ।ਏ ਸੀ ਪੀ ਨੇ ਦੱਸਿਆ ਕਿ ਪੁਲਸ ਜਾਂਚ ਵਿੱਚ ਰਜਤ ਕੁਮਾਰ ਵੱਲੋਂ ਟ੍ਰੈਵਲ ਏਜੰਟ ਮੁਕੇਸ਼ ਕੁਮਾਰ ਉੱਤੇ ਲਾਏ ਦੋਸ਼ ਸਹੀ ਨਿਕਲਣ ਉੱਤੇ ਉਸ ਨੂੰ ਧੋਖਾਧੜੀ ਦੇ ਕੇਸ ਵਿੱਚ ਨਾਮਜ਼ਦ ਕਰ ਲਿਆ ਹੈ। ਜਾਂਚ ਵਿੱਚ ਪਤਾ ਲੱਗਾ ਕਿ ਮੁਕੇਸ਼ ਕੁਮਾਰ ਦੇ ਖਿਲਾਫ ਥਾਣਾ ਸਦਰ ਰਾਜਪੁਰਾ ਜ਼ਿਲ੍ਹਾ ਪਟਿਆਲਾ, ਥਾਣਾ ਸਿਟੀ, ਥਾਣਾ ਰਾਜਪੁਰਾ ਅਤੇ ਥਾਣਾ ਡਵੀਜ਼ਨ ਨੰਬਰ ਸੱਤ ਵਿੱਚ ਕੇਸ ਦਰਜ ਹਨ।

## ਸੀਨੀਅਰ ਪੱਤਰਕਾਰ ਮੇਜਰ ਸਿੰਘ ਦਾ ਦਿਹਾਂਤ

ਜਲੰਧਰ, 7 ਮਾਰਚ (ਪੋਸਟ ਬਿਊਰੋ)- ਪੰਜਾਬੀ ਪੱਤਰਕਾਰੀ 'ਚ ਹੀ ਨਹੀਂ, ਸਗੋਂ ਸਮੁੱਚੇ ਸਿਆਸੀ, ਧਾਰਮਿਕ ਤੇ ਸਮਾਜਕ ਖੇਤਰ ਵਿੱਚ ਇਹ ਖਬਰ ਬੜੇ ਦੁਖੀ ਮਨ ਨਾਲ ਪੜ੍ਹੀ ਜਾਵੇਗੀ ਕਿ ਪੰਜਾਬੀ ਪੱਤਰਕਾਰੀ ਦੇ ਥੰਮ੍ਹ ਸੀਨੀਅਰ ਪੱਤਰਕਾਰ ਮੇਜਰ ਸਿੰਘ (68) ਦਾ ਕੱਲ੍ਹ ਸਵੇਰੇ ਦਿੱਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ। ਉਹ ਕੁਝ ਦਿਨਾਂ ਤੋਂ ਬਿਮਾਰ ਸਨ ਤੇ ਸ਼ਹਿਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਉਨ੍ਹਾਂ ਦਾ ਇਲਾਜ ਚੱਲ ਰਿਹਾ ਸੀ।
ਮੇਜਰ ਸਿੰਘ ਦੀ ਬੇਵਕਤ ਮੌਤ ਦੀ ਖਬਰ ਨੇ ਸਾਰਿਆਂ ਨੂੰ ਝੰਜੋੜ ਕੇ ਰੱਖ ਦਿੱਤਾ ਤੇ ਉਨ੍ਹਾਂ ਨਾਲ ਸਾਂਝ ਰੱਖਣ ਵਾਲੇ ਹਰ ਸ਼ਖਸ ਨੂੰ ਡੂੰਘਾ ਸਦਮਾ ਲੱਗਾ। ਕਿਸੇ ਨੂੰ ਵੀ ਯਕੀਨ ਨਹੀਂ ਆ ਰਿਹਾ ਸੀ ਕਿ ਕੁਝ ਦਿਨ ਪਹਿਲਾਂ ਚੰਗਾ ਭਲਾ ਗੱਲਾਂ ਕਰਦਾ ਇਨਸਾਨ ਇਸ ਦੁਨੀਆ ਤੋਂ ਅਚਾਨਕ ਰੁਖ਼ਸਤ ਹੋ ਜਾਏਗਾ। ਉਨ੍ਹਾਂ ਦਾ ਜਨਮ ਜ਼ਿਲ੍ਹਾ ਮਾਨਸਾ ਦੇ ਪਿੰਡ ਦਰਿਆਪੁਰ ਕਲਾਂ ਵਿਖੇ ਹੋਇਆ ਤੇ ਬਾਅਦ 'ਚ ਉਹ ਪਰਵਾਰ ਸਮੇਤ ਜਲੰਧਰ ਵਿਖੇ ਆ ਵਸੇ। ਉਨ੍ਹਾਂ ਦੇ ਤਿੰਨ ਪੁੱਤਰ ਪ੍ਰਤੀਕ ਸਿੰਘ, ਪੁਨੀਤ ਪਾਲ ਸਿੰਘ ਤੇ ਤਨਵੀਰ ਸਿੰਘ ਹਨ।

## ਰੰਜਿਸ਼ ਕਾਰਨ ਕੈਂਚੀ ਮਾਰ ਕੇ ਨੌਜਵਾਨ ਦਾ ਕਤਲ

ਲੰਬੀ, 7 ਮਾਰਚ (ਪੋਸਟ ਬਿਊਰੋ)- ਇੱਥੋਂ ਨੇੜਲੇ ਪਿੰਡ ਬਨਵਾਲਾ ਅਨੂੰ ਕਾ ਵਿੱਚ ਕੱਲ੍ਹ ਸਵੇਰੇ ਹਜਾਮਤ ਦਾ ਕੰਮ ਕਰਦੇ ਗੋਬਿੰਦ ਨਾਂਅ ਦੇ ਨੌਜਵਾਨ ਨੇ ਰੰਜਿਸ਼ ਤਹਿਤ ਸਤਨਾਮ ਸਿੰਘ ਅਤੇ ਅਜੈਦੀਪ ਸਿੰਘ ਉੱਤੇ ਕੈਂਚੀ ਨਾਲ ਹਮਲਾ ਕਰ ਦਿੱਤਾ। ਇਸ ਦੌਰਾਨ ਸਤਨਾਮ ਦੀ ਮੌਤ ਹੋ ਗਈ ਤੇ ਅਜੈਦੀਪ ਜ਼ਖਮੀ ਹੋ ਗਿਆ।
ਮਿਲੀ ਜਾਣਕਾਰੀ ਅਨੁਸਾਰ ਸਤਨਾਮ ਸਿੰਘ (23) ਪੁੱਤਰ ਸੁਰਜੀਤ ਸਿੰਘ ਦਾ ਦੋ ਹਫਤੇ ਪਹਿਲਾਂ ਕਿਸੇ ਗੱਲ ਬਾਰੇ ਆਪਣੇ ਦੋਸਤ ਗੋਬਿੰਦ ਨਾਲ ਝਗੜਾ ਹੋ ਗਿਆ ਸੀ। ਇਸ ਬਾਰੇ ਗੋਬਿੰਦ ਨੇ ਪੰਚਾਇਤੀ ਤੌਰਰਾਜ਼ੀਨਾਮੇ ਵਿੱਚ ਆਪਣੀ ਗਲਤੀ ਮੰਨ ਲਈ ਸੀ, ਜਿਸ ਮਗਰੋਂ ਉਹ ਸਤਨਾਮ ਨਾਲ ਰੰਜਿਸ਼ ਰੱਖਣ ਲੱਗ ਪਿਆ।




ਸਤਨਾਮ ਦੇ ਪਿਤਾ ਸੁਰਜੀਤ ਸਿੰਘ ਨੇ ਦੱਸਿਆ ਕਿ ਕੱਲ੍ਹ ਸਵੇਰੇ ਜਦੋਂ ਉਸ ਦਾ ਲੜਕਾ ਆਪਣੇ ਦੋਸਤ ਅਜੈਦੀਪ ਨਾਲ ਮੋਟਰ ਸਾਈਕਲ ਉੱਤੇ ਕਿਸੇ ਕੰਮ ਜਾ ਰਿਹਾ ਸੀ ਤਾਂ ਗੋਬਿੰਦ ਰਾਮ ਪੁੱਤਰ ਮੰਗਤ ਰਾਮ ਆਪਣੀ ਦੁਕਾਨ 'ਚੋਂ ਬਾਹਰ ਆਇਆ ਅਤੇ ਰਾਜ਼ੀਨਾਮੇ ਵੇਲੇ ਮੁਆਫੀ ਮੰਗਵਾਉਣ ਲਈ ਗੁੱਸਾ ਜ਼ਾਹਿਰ ਕਰਨ ਲੱਗਿਆ। ਇਸ ਦੌਰਾਨ ਗੁੱਸੇ ਵਿੱਚ ਆ ਕੇ ਉਸ ਨੂੰ ਸਤਨਾਮ ਉੱਤੇ ਕੈਂਚੀ ਨਾਲ ਹਮਲਾ ਕਰ ਦਿੱਤਾ। ਜਦੋਂ ਅਜੈਦੀਪ ਨੇ ਸਤਨਾਮ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਅਜੈਦੀਪ ਉੱਤੇ ਵੀ ਹਮਲਾ ਕਰ ਦਿੱਤਾ। ਮੌਕੇ ਉੱਤੇ ਲੋਕਾਂ ਦੇ ਪੁੱਜਣ ਉੱਤੇ ਮੁਲਜ਼ਮ ਗੋਬਿੰਦ ਫਰਾਰ ਹੋ ਗਿਆ। ਬਾਅਦ ਵਿੱਚ ਦੋਵਾਂ ਨੂੰ ਜ਼ਖਮੀ ਹਾਲਤ ਵਿੱਚ ਸਰਕਾਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਸਤਨਾਮ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਨੇ ਸੁਰਜੀਤ ਸਿੰਘ ਦੇ ਬਿਆਨਾਂ ਉੱਤੇ ਗੋਬਿੰਦ ਖਿਲਾਫ ਕੇਸ ਦਰਜ ਲਿਆ ਹੈ।

# ਤਾਪਸੀ ਪਨੂੰ ਤੇ ਅਨੁਰਾਗ ਕਸ਼ਯੱਪ ਵੱਲੋਂ ਛਾਪਿਆਂ ਦਾ ਜਵਾਬ

ਮੁੰਬਈ, 7 ਮਾਰਚ (ਪੋਸਟ ਬਿਊਰੋ)- ਆਮਦਨ ਟੈਕਸ ਵਿਭਾਗ ਵੱਲੋਂ ਮਾਰੇ ਛਾਪਿਆਂ 'ਤੇ ਚੁੱਪ ਤੋੜਦਿਆਂ ਕੱਲ੍ਹ ਅਦਾਕਾਰਾ ਤਾਪਸੀ ਪੰਨੂ ਨੇ ਤਿੰਨ ਟਵੀਟ ਕੀਤੇ ਹਨ। ਤਾਪਸੀ ਤੇ ਨਿਰਮਾਤਾ-ਨਿਰਦੇਸ਼ਕ ਅਨੁਰਾਗ ਕਸ਼ਯਪ ਨੇ ਫਿਲਮ 'ਦੋਬਾਰਾ' ਦੀ ਸ਼ੂਟਿੰਗ ਮੁੜ ਸ਼ੁਰੂ ਕੀਤੀ ਹੈ। ਇਸੇ ਦੌਰਾਨ ਕਸ਼ਯਪ ਨੇ ਵੀ ਛਾਪਿਆਂ ਤੋਂ ਬਾਅਦ ਪਹਿਲੀ ਵਾਰ ਕੋਈ ਪ੍ਰਤੀਕਿਰਿਆ ਦਿੱਤੀ ਹੈ:' ਇੰਸਟਾਗਰਾਮ ਉਤੇ ਫਿਲਮਸਾਜ਼ ਨੇ ਲਿਖਿਆ ਸਾਰੇ ਨਫਰਤ ਕਰਨ ਵਾਲਿਆਂ ਨੂੰ ਸਾਡਾ ਪਿਆਰ।'



ਅਨੁਰਾਗ ਨੇ ਪੋਸਟ ਵਿੱਚ ਫਿਲਮ ਦੇ ਸੈਟ ਦੀ ਫੋਟੋ ਸਾਂਝੀ ਕੀਤੀ ਅਤੇ ਹੌਸਲੇ ਬੁਲੰਦ ਹੋਣ ਦਾ ਸੰਕੇਤ ਦਿੱਤਾ। ਉਸਨੇ ਛਾਪਿਆਂ ਬਾਰੇ ਸਿੱਧੇ ਤੌਰ 'ਤੇ ਕੁਝ ਨਹੀਂ ਲਿਖਿਆ, ਪਰ ਤਾਪਸੀ ਨੇ ਆਪਣੇ ਟਵੀਟ ਪੈਰਿਸ ਵਿੱਚ ਉਸ ਵੱਲੋਂ ਖਰੀਦੇ ਇੱਕ ਬੰਗਲੇ, ਪੰਜ ਕਰੋੜ ਰੁਪਏ ਦੀ ਰਸੀਦ ਅਤੇ ਬਾਕੀ 2013 ਦੇ ਇੱਕ ਛਾਪੇ ਨਾਲ ਜੁੜੇ ਹੋਏ ਸਨ। ਵਰਨਣ ਯੋਗ ਹੈ ਕਿ ਤਿੰਨ ਮਾਰਚ ਨੂੰ ਆਮਦਨ ਟੈਕਸ ਵਿਭਾਗ ਨੇ ਤਾਪਸੀ ਪੰਨੂ ਅਤੇ ਫਿਲਮਸਾਜ਼ ਅਨੁਰਾਗ ਕਸ਼ਯਪ ਦੇ ਦਫਤਰਾਂ ਅਤੇ ਰਿਹਾਇਸ਼ ਉਤੇ ਛਾਪੇ ਮਾਰੇ ਸਨ। ਅਨੁਰਾਗ ਦੇ ਭਾਈਵਾਲਾਂ ਦੇ ਟਿਕਾਣਿਆਂ ਉਤੇ ਵੀ ਛਾਪੇ ਮਾਰੇ ਗਏ ਸਨ, ਜੋ ਕਿ ਫਿਲਮ ਨਿਰਮਾਣ ਕੰਪਨੀ ਫੈਂਟਮ ਫਿਲਮਜ਼ ਵਿੱਚ ਨਿਰਮਾਤਾ-ਨਿਰਦੇਸ਼ਕ ਨਾਲ ਜੁੜੇ ਹੋਏ ਸਨ। ਤਾਪਸੀ ਪੰਨੂ ਨੇ ਟਵੀਟ ਕਰਦਿਆਂ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਉਤੇ ਵੀ ਨਿਸ਼ਾਨਾ ਵਿੰਨ੍ਹਿਆ, ਜਿਸ ਨੇ 2013 ਵਿੱਚ ਤਾਪਸੀ ਉਤੇ ਪਏ ਇੱਕ ਛਾਪੇ ਦਾ ਜ਼ਿਕਰ ਕੀਤਾ ਤੇ ਕਿਹਾ ਸੀ ਕਿ ਉਸ ਵੇਲੇਐਨਾ ਰੌਲਾ-ਰੱਪਾ ਨਹੀਂ ਸੀ ਪਿਆ, ਜਿਸ ਤਰ੍ਹਾਂ ਇਸ ਵਰ ਛਾਪੇ ਮਾਰਨ ਉਤੇ ਪੈ ਰਿਹਾ ਹੈ। ਤਾਪਸੀ ਨੇ ਪਹਿਲੇ ਟਵੀਟ ਵਿੱਚ ਲਿਖਿਆ ਕਿ ਤਿੰਨ ਦਿਨ ਤਿੰਨ ਚੀਜ਼ਾਂ ਲਈ ਜ਼ੋਰਦਾਰ ਛਾਪੇ, ਪਹਿਲੀ ਚੀਜ਼: ਪੈਰਿਸ ਵਿੱਚ ਮੇਰੇ ਬੰਗਲੇ ਦੀਆਂ ਚਾਬੀਆਂ ਲੱਭਣ ਲਈ, ਵੈਸੇ ਗਰਮੀਆਂ ਦੀਆਂ ਛੁੱਟੀਆਂ ਆ ਰਹੀਆਂ ਹਨ। ਦੂਜਾ ਟਵੀਟ ਤਾਪਸੀ ਨੇ ਰਸੀਦ ਬਾਰੇ ਕੀਤਾ ਤੇ ਤੀਜਾ 2013 ਦੇ ਛਾਪੇ ਬਾਰੇ ਕਰ ਕੇ ਕਿਹਾ: '2013 ਦੇ ਛਾਪੇ ਬਾਰੇ ਮੇਰੀਆਂ ਕੁਝ ਯਾਦਾਂ ਹਨ, ਜਿਸ ਦਾ ਜ਼ਿਕਰ ਮਾਣਯੋਗ ਵਿੱਤ ਮੰਤਰੀ ਨੇ ਕੀਤਾ ਹੈ ਤੇ ਲੱਗਦਾ ਹੈ ਕਿ ਹੁਣ ਮੈਂ ਸਸਤੀ ਨਹੀਂ ਰਹੀ।'

ਇਨ੍ਹਾਂ ਟਵੀਟਾਂ ਤੋਂ ਬਾਅਦ ਅਭਿਨੇਤਰੀ ਕੰਗਨਾ ਰਣੌਤ ਨੇ ਤਾਪਸੀ ਬਾਰੇ ਟਵੀਟ ਕਰਦਿਆਂ ਵਿਅੰਗ ਕੀਤਾ ਕਿ ਉਹ (ਤਾਪਸੀ) ਹਮੇਸ਼ਾਂ 'ਸਸਤੀ'ਰਹੇਗੀ। ਵਰਨਣ ਯੋਗ ਹੈ ਕਿ ਕੰਗਨਾ ਦੀ ਭੈਣ ਰੰਗੋਲੀ ਨੇ ਕਾਫੀ ਦੇਰ ਪਹਿਲਾਂ ਕਿਹਾ ਸੀ ਕਿ ਤਾਪਸੀ 'ਸਸਤੀ ਅਦਾਕਾਰਾ' ਹੈ। ਰੰਗੋਲੀ ਦੀ ਇਸ ਟਿੱਪਣੀ ਦਾ ਜਵਾਬ ਦਿੰਦਿਆਂ ਤਾਪਸੀ ਨੇ ਕੱਲ੍ਹ ਆਪਣੇ ਟਵੀਟ ਵਿੱਚ ਲਿਖਿਆ, 'ਕਿਉਂਕਿ ਛਾਪੇ ਇੱਕ ਬੰਗਲੇ, ਜੋ ਕਿ ਉਸ ਕੋਲ ਹੈ ਹੀ ਨਹੀਂ ਤੇ ਪੰਜ ਕਰੋੜ ਦੀ ਰਸੀਦ ਲਈ ਮਾਰੇ ਗਏ ਹਨ, ਇਸ ਦਾ ਮਤਲਬ ਹੈ ਕਿ ਉਹ ਪਹਿਲਾਂ ਵਾਂਗ ਸਸਤੀ ਨਹੀਂ ਰਹੀ।'

ਅਨੁਰਾਗ ਕਸ਼ਯਪ ਤੇ ਤਾਪਸੀ ਕਈ ਵਿਸ਼ਿਆਂ ਉਤੇ ਆਪਣੀ ਰਾਇ ਖੁੱਲ੍ਹ ਕੇ ਪ੍ਰਗਟਾਉਂਦੇ ਰਹੇ ਹਨ। ਆਈ ਟੀ ਦੇ ਛਾਪੇ ਫੈਂਟਮ ਫਿਲਮਜ਼ ਵੱਲੋਂ ਟੈਕਸ ਚੋਰੀ ਨਾਲ ਸੰਬੰਧਤ ਸਨ। ਰਿਲਾਇੰਸ ਐਂਟਰਟੇਨਮੈਂਟ ਦੇ ਸੀ ਈ ਓ ਸ਼ਿਭਾਸ਼ੀਸ਼ ਸਰਕਾਰ ਤੇ ਮੈਨੇਜਮੈਂਟ ਕੰਪਨੀਆਂ ਕਵਾਨ ਅਤੇ ਐਕਸੀਡ ਦੇ ਅਧਿਕਾਰੀ ਵੀ ਛਾਪਿਆਂ ਦੇ ਘੇਰੇ ਵਿੱਚ ਸਨ। ਸਿੱਧੇ ਟੈਕਸਾਂ ਬਾਰੇ ਕੇਂਦਰੀ ਬੋਰਡ ਨੇ ਕਿਹਾ ਸੀ ਕਿ ਤਾਪਸੀ ਵੱਲੋਂ ਪੰਜ ਕਰੋੜ ਰੁਪਏ ਲੈਣ ਦੇ ਸਬੂਤ ਵਜੋਂ ਰਸੀਦਾਂ ਮੌਜੂਦ ਹਨ ਤੇ ਜਾਂਚ ਜਾਰੀ ਹੈ। ਬੋਰਡ ਨੇ ਦਾਅਵਾ ਕੀਤਾ ਸੀ ਕਿ ਫਿਲਮ ਕੰਪਨੀ ਵੱਲੋਂ ਕੀਤੇ ਕਰੋੜਾਂ ਰੁਪਏ ਦੇ ਲੈਣ-ਦੇਣ ਦਾ ਹੇਰ ਫੇਰ ਹੈ। ਤਾਪਸੀ ਤੇ ਅਨੁਰਾਗ 'ਮਨਮਰਜ਼ੀਆਂ' (2018) ਤੋਂ ਬਾਅਦ ਆਪਣੀ ਦੂਜੀ ਫਿਲਮ 'ਦੋਬਾਰਾ' ਦੀ ਸ਼ੂਟਿੰਗ ਕਰ ਰਹੇ ਹਨ।

ਅੰਬਾਨੀ ਦੇ ਘਰ ਨੇੜੇ ਕਾਰ ਮਿਲਣ ਦਾ ਮਾਮਲਾ

# ਮੌਤ ਤੋਂ ਦੋ ਦਿਨ ਪਹਿਲਾਂ ਮਨਸੁਖ ਨੇ ਮੁੱਖ ਮੰਤਰੀ ਨੂੰ ਪੱਤਰ ਲਿਖਿਆ



ਮੁੰਬਈ, 7 ਮਾਰਚ (ਪੋਸਟ ਬਿਊਰੋ)- ਉਦਯੋਗਪਤੀ ਮੁਕੇਸ਼ ਅੰਬਾਨੀ ਦੇ ਘਰ ਦੇ ਨੇੜੇ ਮਿਲੀ ਵਿਸਫੋਟਕ ਸਮੱਗਰੀ ਨਾਲ ਲੱਦੀ ਸਕਾਰਪੀਓ ਦੇ ਮਾਲਕ ਮਨਸੁਖ ਹਿਰੇਨ ਨੇ ਆਪਣੀ ਮੌਤ ਤੋਂ ਦੋ ਦਿਨ ਪਹਿਲਾਂ ਮੁੱਖ ਮੰਤਰੀ ਉਧਵ ਠਾਕਰੇ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਉਨ੍ਹਾਂ ਨੂੰ ਪੁਲਸ ਅਤੇ ਪੱਤਰਕਾਰਾਂ ਵੱਲੋਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਜਦ ਕਿ ਉਹ ਆਪਣੀ ਕਾਰ ਚੋਰੀ ਹੋਣ ਦੀ ਪੂਰੀ ਜਾਣਕਾਰੀ ਪੁਲਸ ਨੂੰ ਦੇ ਚੁੱਕੇ ਹਨ।

ਦੋ ਮਾਰਚ ਨੂੰ ਮੁੱਖ ਮੰਤਰੀ ਨੂੰ ਲਿਖੇ ਪੱਤਰ ਦੀ ਕਾਪੀ ਨਹੀਂ ਮਿਲ ਸਕੀ ਹੈ, ਪਰ ਪਤਾ ਲੱਗਾ ਹੈ ਕਿ ਇਸ ਵਿੱਚ ਸਨਮੁੱਖ ਹਿਰੇਨ ਨੇ ਸ਼ਿਕਾਇਤ ਕੀਤੀ ਸੀ ਕਿ ਪੁਲਸ ਪੁੱਛਗਿੱਛ ਲਈ ਬੁਲਾ ਕੇ ਉਨ੍ਹਾਂ ਨੂੰ ਪੂਰਾ ਦਿਨ ਬਿਠਾ ਰੱਖਦੀ ਹੈ, ਜਦ ਕਿ ਆਪਣੀ ਕਾਰ ਚੋਰੀ ਹੋਣ ਦੀ ਜਾਣਕਾਰੀ ਉਹ ਦੇ ਚੁੱਕੇ ਹਨ। ਇਹ ਪੱਤਰ ਲਿਖਣ ਦੇ ਤੀਸਰੇ ਦਿਨ ਹੀ ਕਾਰ ਅਸੈਸਰੀਜ ਵਪਾਰੀ ਮਨਸੁਖ ਹਿਰੇਨ, ਤਾਵੜੇ ਨਾਂਅ ਦੇ ਕਿਸੇ ਪੁਲਸ ਅਧਿਕਾਰੀ ਨੂੰ ਮਿਲਣ ਦੀ ਗੱਲ ਕਹਿ ਕੇ ਆਪਣੇ ਘਰੋਂ ਨਿਕਲੇ ਸਨ। ਸਾਰੀ ਰਾਤ ਗਾਇਬ ਰਹਿਣ ਦੇ ਬਾਅਦ ਉਨ੍ਹਾਂ ਦੀ ਲਾਸ਼ ਘਰ ਤੋਂ ਸੱਤ ਕਿਲੋਮੀਟਰ ਦੂਰ ਮੁੰਬਰਾ ਵਿੱਚ ਸਮੁੰਦਰ ਦੀ ਖਾੜੀ ਵਿੱਚ ਮਿਲੀ। ਇਸ ਕੇਸ ਵਿੱਚ ਪੁਲਸ ਦੇ ਏ ਪੀ ਆਈ ਸਚਿਨ ਵਝੇ ਦੀ ਸਰਗਰਮੀ 'ਤੇ ਵੀ ਵਿਰੋਧੀ ਧਿਰ ਦੇ ਨੇਤਾ ਦੇਵੇਂਦਰ ਫੜਨਵੀਸ ਨੇ ਸਵਾਲ ਉਠਾਇਆ ਹੈ। ਫੜਨਵੀਸ ਨੇ ਇਸ ਦੀ ਜਾਂਚ ਐਨ ਆਈ ਏ ਤੋਂ ਕਰਵਾਉਣ ਦੀ ਮੰਗ ਕੀਤੀ ਹੈ, ਪਰ ਰਾਜ ਦੇ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਨੇ ਇਸ ਦੀ ਜਾਂਚਏ ਟੀ ਐਸ (ਐਂਟੀ ਟੈਰਰਿਸਟ ਸਕੁਆਡ) ਨੂੰ ਸੌਂਪ ਦਿੱਤੀ ਹੈ। ਇਸ ਦੌਰਾਨ ਸਨਮੁਖ ਹਿਰੇਨ ਦੀ ਪੋਸਟਮਾਰਟਮ ਰਿਪੋਰਟ ਪੁਲਸ ਨੂੰ ਮਿਲ ਗਈ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ ਦੀ ਮੌਤ 12 ਤੋਂ 14 ਘੰਟੇ ਪਹਿਲਾਂ ਹੋ ਚੁੱਕੀ ਸੀ। ਮਨਸੁਖ ਦੇ ਸਰੀਰ 'ਤੇ ਕਿਸੇ ਤਰ੍ਹਾਂ ਦੇ ਗੰਭੀਰ ਜ਼ਖਮ ਨਹੀਂ ਪਾਏ ਗਏ। ਮੌਤ ਦਾ ਕਾਰਨ ਪੁਲਸ ਨੇ ਅਜੇ ਸਪੱਸ਼ਟ ਨਹੀਂ ਕੀਤਾ ਹੈ।

ਸ਼ਿਵ ਸੈਨਾ ਨੇਤਾ ਸੰਜੇ ਰਾਉਤ ਨੇ ਕਿਹਾ ਹੈ ਕਿ ਸਨਮੁਖ ਹਿਰੇਨ ਦੀ ਮੌਤ ਨਿਰਾਸ਼ਾ ਜਨਕ ਅਤੇ ਮੰਦਭਾਗੀ ਹੈ, ਰਾਜ ਸਰਕਾਰ ਦੇ ਅਕਸ ਲਈ ਜ਼ਰੂਰੀ ਹੈ ਕਿਇਸ ਦੇ ਰਹੱਸ ਤੋਂ ਜਲਦੀ ਪਰਦਾ ਉਠੇ। ਸੰਜੇ ਰਾਉਤ ਨੇ ਇਸ ਦੀ ਜਾਂਚ ਐਨ ਆਈ ਏ ਤੋਂ ਕਰਾਉਣ ਦੀ ਭਾਜਪਾ ਦੀ ਮੰਗ ਰੱਦ ਕਰਦੇ ਹੋਏ ਕਿਹਾ ਕਿ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਨੇ ਇਹ ਕੇਸ ਏ ਟੀ ਐਸ ਨੂੰ ਸੌਂਪ ਦਿੱਤਾ ਹੈ, ਜੋ ਇਸ ਨੂੰ ਸੁਲਝਾਉਣ ਵਿੱਚ ਸਮਰੱਥ ਹੈ। ਸਾਨੂੰ ਏ ਟੀ ਐਸ 'ਤੇ ਭਰੋਸਾ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਸਨਮੁਖ ਹਿਰੇਨ ਦੀ ਮੌਤ ਦਾ ਰਾਜਨੀਤੀਕਰਣ ਕਰਨਾ ਅਤੇ ਸਰਕਾਰ ਨੂੰ ਘੇਰਨਾ ਗਲਤ ਹੈ।

## ਨੰਦੀਗ੍ਰਾਮ ਵਿੱਚ ਮਮਤਾ ਨਾਲ ਸੁਵੇਂਦੂ ਦੀ ਟੱਕਰ ਹੋਣ ਲੱਗੀ



ਨਵੀਂ ਦਿੱਲੀ, 7 ਮਾਰਚ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਵੱਲੋਂ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਲਈ 57 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ ਗਈ ਹੈ। ਭਾਜਪਾ ਨੇ ਸੁਵੇਂਦੂ ਅਧਿਕਾਰੀ ਨੂੰ ਉਨ੍ਹਾਂ ਦੇ ਗ੍ਰਹਿ ਨਗਰ ਨੰਦੀਗ੍ਰਾਮ ਤੋਂ ਉਮੀਦਵਾਰ ਬਣਾਇਆ ਹੈ, ਜਿੱਥੇ ਤ੍ਰਿਣਮੂਲ ਕਾਂਗਰਸ ਦੀ ਚੇਅਰਪਰਸਨ ਤੇ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਪਹਿਲਾਂ ਹੀ ਚੋਣ ਲੜਨ ਦਾ ਐਲਾਨ ਕੀਤਾ ਹੋਇਆ ਹੈ।

ਇਸ ਬਾਰੇ ਭਾਜਪਾ ਦੇ ਜਨਰਲ ਸਕੱਤਰ ਅਰੁਣ ਸਿੰਘ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਸਾਬਕਾ ਕ੍ਰਿਕਟਰ ਅਸ਼ੋਕ ਡਿੰਡਾ ਅਤੇ ਸਾਬਕਾ ਆਈ ਪੀ ਐਸ ਅਧਿਕਾਰੀ ਭਾਰਤੀ ਘੋਸ਼ ਨੂੰ ਪਾਰਟੀ ਉਮੀਦਵਾਰ ਬਣਾਇਆ ਗਿਆ ਹੈ, ਜਦੋਂ ਕਿ ਇੱਕ ਸੀਟ 'ਆਜਸੂ' ਲਈ ਛੱਡੀ ਗਈ ਹੈ। ਇਸ ਦੇ ਨਾਲ ਹੀ ਪਾਰਟੀ ਨੇ 27 ਮਾਰਚ ਤੋਂ 29 ਅਪ੍ਰੈਲ ਤੱਕ 8 ਪੜਾਵਾਂ ਵਿੱਚ ਹੋਣ ਵਾਲੀਆਂ ਚੋਣਾਂ ਲਈ ਪਹਿਲੇ ਪੜਾਅ ਦੀਆਂ 60 ਸੀਟਾਂ 'ਚੋਂ 57 ਦਾ ਐਲਾਨ ਕਰ ਦਿੱਤਾ ਹੈ, ਜਦੋਂ ਕਿ ਤਿੰਨ ਉਮੀਦਵਾਰਾਂ ਦਾ ਐਲਾਨ ਕੀਤਾ ਜਾਣਾ ਬਾਕੀ ਹੈ। ਵਰਨਣ ਯੋਗ ਹੈ ਕਿ ਖੱਬੇ ਪੱਖੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਨੰਦੀਗ੍ਰਾਮ ਦਾ ਵਿਸ਼ੇਸ਼ ਯੋਗਦਾਨ ਹੈ, ਜਿੱਥੋਂ ਮਮਤਾ ਨੇ ਕਾਮਰੇਡਾਂ ਦੀ ਸਰਕਾਰ ਦੇ ਖਿਲਾਫ ਰੋਸ ਪ੍ਰਦਰਸ਼ਨਾਂ ਦੀ ਸ਼ੁਰੂਆਤ ਕੀਤੀ ਸੀ ਤੇ ਤ੍ਰਿਣਮੂਲ ਕਾਂਗਰਸ ਸੂਬੇ ਦੀ ਸੱਤਾ 'ਤੇ 2011 ਵਿੱਚ ਕਾਬਜ਼ ਹੋਈ ਸੀ। ਸੁਵੇਂਦੂ ਅਧਿਕਾਰੀ ਨੇ 2016 ਦੀਆਂ ਵਿਧਾਨ ਸਭਾ ਚੋਣਾਂ 'ਚ ਨੰਦੀਗ੍ਰਾਮ ਤੋਂ ਤ੍ਰਿਣਮੂਲ ਕਾਂਗਰਸ ਦੇ ਉਮੀਦਵਾਰ ਵਜੋਂ ਜਿੱਤ ਪ੍ਰਾਪਤ ਕੀਤੀ ਸੀ ਤੇ ਸੂਬੇ ਦੇ ਟਰਾਂਸਪੋਰਟ ਮੰਤਰੀ ਬਣੇ ਸਨ, ਪਰ ਬੀਤੇ ਸਾਲ ਉਹ ਤ੍ਰਿਣਮੂਲ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋ ਗਏ ਸਨ।

# ਇਤਰਾਜ਼ ਯੋਗ ਸੀ ਡੀ ਨਾਲ ਕਰਨਾਟਕ ਦੇ ਛੇ ਭਾਜਪਾ ਮੰਤਰੀਆਂ ਵਿੱਚ ਦਹਿਸ਼ਤ

ਬੰਗਲੌਰ, 7 ਮਾਰਚ (ਪੋਸਟ ਬਿਊਰੋ)- ਜਨਤਾ ਦਲ (ਐਸ) ਗਠਜੋੜ ਦੀ ਅਗਵਾਈ ਵਾਲੀ ਸਰਕਾਰ ਵਿਰੁੱਧ ਬਗਾਵਤ ਕਰ ਕੇ ਭਾਜਪਾ ਵਿੱਚ ਸ਼ਾਮਲ ਹੋ ਕੇ ਮੰਤਰੀ ਬਣੇ ਰਮੇਸ਼ ਜਾਰਕੀਹੋਲੀ ਵਿਰੁੱਧ ਕੁਝ ਦਿਨ ਪਹਿਲਾਂ ਇੱਕ ਇਤਰਾਜ਼ਯੋਗ ਸੀ ਡੀ ਸਾਹਮਣੇ ਆਈ ਸੀ, ਜਿਸ 'ਤੇ ਉਸ ਨੂੰ ਸੈਕਸ ਸੋਸ਼ਣ ਦੇ ਦੋਸ਼ ਲੱਗਣ ਪਿੱਛੋਂ ਅਸਤੀਫਾ ਦੇਣਾ ਪਿਆ ਸੀ। ਇਸ ਘਟਨਾ ਨੂੰ ਧਿਆਨ ਵਿੱਚ ਰੱਖ ਕੇਕਰਨਾਟਕ ਦੇ ਛੇ ਮੰਤਰੀਆਂ ਵਿੱਚ ਦਹਿਸ਼ਤ ਹੈ। ਇਨ੍ਹਾਂ ਮੰਤਰੀਆਂ ਨੇ ਬੰਗਲੌਰ ਦੀ ਇੱਕ ਅਦਾਲਤ ਵਿੱਚ ਪਹੁੰਚ ਕੀਤੀ ਹੈ ਕਿ ਇਹ ਮੀਡੀਆ ਸੰਗਠਨਾਂ ਨੂੰ ਉਨ੍ਹਾਂ ਵਿਰੁੱਧ ਸਾਜ਼ਿਸ ਅਧੀਨ ਜਾਰੀ ਕੀਤੀ ਹੈ।




ਮੁੱਖ ਮੰਤਰੀ ਬੀ ਐਸ ਯੇਦੀਯੁਰੱਪਾ ਦੀ ਅਗਵਾਈ ਵਾਲੀ ਸਰਕਾਰ ਦੇ ਜਿਨ੍ਹਾਂ ਛੇ ਮੰਤਰੀਆਂ ਨੇ ਅਦਾਲਤ ਦਾ ਰੁਖ਼ ਕਰ ਕੇ ਖੁਦ ਨੂੰ ਅਜਿਹੀ ਸਾਜ਼ਿਸ਼ ਤੋਂ ਬਚਾਉਣ ਦੀ ਅਪੀਲ ਕੀਤੀ ਹੈ, ਉਨ੍ਹਾਂ ਵਿੱਚ ਸੂਬੇ ਦੇ ਕਿਰਤ ਮੰਤਰੀ ਸ਼ਿਵ ਰਾਮ, ਖੇਤੀਬਾੜੀ ਮੰਤਰੀ ਬੀ ਸੀ ਪਾਟਿਲ, ਕੋਆਪਰੇਟਿਵਮੰਤਰੀ ਐਸ ਟੀ ਸੋਮਸ਼ੇਖਰ, ਪਰਵਾਰ ਭਲਾਈ ਤੇ ਮੈਡੀਕਲ ਸਿੱਖਿਆ ਮੰਤਰੀ ਕੇ ਸੁਧਾਕਰ, ਯੁਵਾ ਸ਼ਕਤੀਕਰਨ ਅਤੇ ਖੇਡ ਮੰਤਰੀ ਕੇ ਸੀ ਨਾਰਾਇਣ ਗੌੜਾ ਅਤੇ ਸ਼ਹਿਰੀ ਵਿਕਾਸ ਮੰਤਰੀ ਭਿਆਰਥੀ ਬਾਸਵਰਾਜ ਸ਼ਾਮਲ ਹਨ। ਇਹਛੇ ਮੰਤਰੀ ਉਨ੍ਹਾਂ 17 ਵਿਧਾਇਕਾਂ ਵਿੱਚ ਸ਼ਾਮਲ ਸਨ ਜਿਨ੍ਹਾਂ ਨੇ ਕਾਂਗਰਸ-ਜਨਤਾ ਦਲ (ਐਸ) ਗਠਜੋੜ ਦੀ ਅਗਵਾਈ ਵਾਲੀ ਸਰਕਾਰ ਵਿਰੁੱਧ ਬਗਾਵਤ ਕੀਤੀ ਤੇ ਜੁਲਾਈ 2019 ਵਿੱਚ ਸਰਕਾਰ ਡਿੱਗ ਗਈ ਸੀ ਤੇ ਭਾਜਪਾ ਦੇ ਸੱਤਾ ਵਿੱਚ ਆਉਣ ਦਾ ਰਾਹ ਖੁੱਲ੍ਹ ਗਿਆ ਸੀ। ਆਪਣੀਆਂ ਸਬੰਧਤ ਪਾਰਟੀਆਂ ਤੋਂ ਅਯੋਗ ਕਰਾਰ ਦਿੱਤੇ ਜਾਣ ਪਿੱਛੋਂ ਉਕਤ ਵਿਧਾਇਕ ਭਾਜਪਾ ਵਿੱਚ ਸ਼ਾਮਲ ਹੋਏ ਸਨ ਅਤੇ ਉਨ੍ਹਾਂ ਦਸੰਬਰ 2019 ਵਿੱਚ ਭਾਜਪਾ ਦੀ ਟਿਕਟ 'ਤੇ ਚੋਣ ਲੜੀ ਅਤੇ ਜਿੱਤੀ ਸੀ। ਉਸ ਤੋਂ ਬਾਅਦ ਉਨ੍ਹਾਂ ਨੂੰ ਮੰਤਰੀ ਬਣਾ ਦਿੱਤਾ ਗਿਆ ਸੀ।

# ਮਹਿਲਾ ਸ਼ਕਤੀ ਟੀ-ਸ਼ਰਟ ਛੇੜਖਾਨੀ ਤੋਂ ਬਚਾਏਗੀ

ਵਾਰਾਣਸੀ, 7 ਮਾਰਚ (ਪੋਸਟ ਬਿਊਰੋ)- ਮਹਿਲਾ ਸੁਰੱਖਿਆ ਲਈ ਵਾਰਾਣਸੀ ਦੇ ਸਕੂਲੀ ਬੱਚਿਆਂ ਨੇ ਇੱਕ ਪ੍ਰਯੋਗ ਕੀਤਾ ਹੈ, ਜਿਸ ਤੋਂ ਔਰਤਾਂ ਨਾਲ ਹੋਣ ਵਾਲੀਆਂ ਘਟਨਾਵਾਂ ਪ੍ਰਤੀ ਸੁਚੇਤ ਹੋਇਆ ਜਾ ਸਕਦਾ ਹੈ ਅਤੇ ਜੇ ਮਹਿਲਾ ਦੇ ਹੱਥ ਵਿੱਚ ਮੋਬਾਈਲ ਵੀ ਨਹੀਂ ਹੈ, ਤਦ ਵੀ ਉਸ ਨਾਲ ਛੇੜਛਾੜ ਅਤੇ ਅਣਹੋਣੀ ਦਾ ਪਤਾ ਪੁਲਸ ਅਤੇ ਪਰਵਾਰ ਨੂੰ ਹੋ ਜਾਏਗਾ। ਇਹ ਜਾਣਕਾਰੀ ਮਹਿਲਾ ਦੇ ਬਟਨ ਦਬਾਉਣ ਨਾਲ ਹੋਵੇਗੀ।

ਇਸ ਦੇ ਲਈ ਔਰਤਾਂ ਨੂੰ ਮਹਿਲਾ ਸ਼ਕਤੀ-ਟੀ ਸ਼ਰਟ ਪਹਿਨਣੀ ਹੋਵੇਗੀ, ਜਿਸ ਨੂੰ ਪ੍ਰਧਾਨ ਮੰਤਰੀ ਦੇ ਪਾਰਲੀਮੈਂਟ ਹਲਕੇ ਵਾਰਾਣਸੀ ਦੀਆਂ 11ਵੀਂ ਕਲਾਸ ਦੀਆਂ ਵਿਦਿਆਰਥਣਾਂ ਨੇਬਣਾਇਆ ਹੈ। ਵੈਸ਼ਣਵੀ ਨੇ ਦੱਸਿਆ ਕਿ ਅਸੀਂ ਦੇਖਿਆ ਕਿ ਰੋਜ਼ ਕਿਤੇ ਨਾ ਕਿਤੇ ਕਿਸੇ ਔਰਤ ਨਾਲ ਛੇੜਖਾਨੀ ਸਮੇਤ ਹੋਰ



ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ। ਉਸੇ ਨੂੰ ਦੇਖ ਕੇ ਅਸੀਂ ਤਿੰਨ ਸਾਥੀਆਂ ਨਾਲ ਮਿਲ ਕੇ ਵੂਮੈਨ ਸ਼ਕਤੀ-ਟੀ ਸ਼ਰਟ ਡਿਵਾਈਸ ਬਣਾਈ ਹੈ, ਜੋ ਹਾਲੇ ਪ੍ਰੋਟੋਟਾਈਪ ਹੈ। ਇਹ ਡਿਵਾਈਸ ਮਹਿਲਾ ਆਪਣੇ ਕੱਪੜੇ ਵਿੱਚ ਫਿੱਟ ਕਰ ਸਕਦੀ ਹੈ। ਇਹ ਬਹੁਤ ਸੌਖੀ ਹੈ।ਇਹ ਡਿਵਾਈਸ ਟੀ-ਸ਼ਰਟ ਵਿੱਚ ਕਿਤੇ ਵੀ ਲੁਕਾਈ ਜਾ ਸਕਦੀ ਹੈ। ਲੋੜ ਪੈਣ 'ਤੇ ਇਸ ਬਟਨ ਨੂੰ ਦਬਾਇਆ ਜਾਏਗਾ। ਇਸ ਵਿੱਚ ਸੈਟ ਨੰਬਰ ਪੁਲਸ ਅਤੇ ਘਰਦਿਆਂ ਦੇ ਹੋਣਗੇ, ਜਿਨ੍ਹਾਂ 'ਤੇ ਕਾਲ ਜਾਣ ਲੱਗੇਗੀ ਅਤੇ ਉਹ ਮੁਸੀਬਤ ਤੋਂ ਬਚ ਜਾਏਗੀ। ਟੀ-ਸ਼ਰਟ ਦੇ ਇਲਾਵਾ ਇਸ ਚਿਪ ਨੂੰ ਕਿਤੇ ਵੀ ਲੁਕਾ ਕੇ ਲਾਇਆ ਜਾ ਸਕਦਾ ਹੈ। ਇਹ ਤਿੰਨ-ਚਾਰ ਹਜ਼ਾਰ ਰੁਪਏ ਵਿੱਚ ਤਿਆਰ ਹੋ ਜਾਂਦਾ ਹੈ।

ਵਾਰਾਣਸੀ ਦੇ ਆਰੀਅਨ ਇੰਟਰਨੈਸ਼ਨਲ ਸਕੂਲ ਦੀਆਂ 11ਵੀਂ ਕਲਾਸ ਦੀਆਂ ਵਿਦਿਆਰਥਣਾਂ ਅਨੰਨਿਆ ਸਿੰਘ, ਵੈਸ਼ਣਵੀ, ਪਰਿਸ਼ਾ ਨੇ ਔਰਤਾਂ ਦੀ ਸੁਰੱਖਿਆ ਲਈ ਵੂਮੈਨਸ ਸ਼ਕਤੀ-ਟੀ ਸ਼ਰਟ ਬਣਾਈ ਹੈ, ਜੋ ਮੁਸੀਬਤ ਵਿੱਚ ਫਸੀਆਂ ਔਰਤਾਂ ਦੀ ਸੁਰੱਖਿਆ ਵਿੱਚ ਕਾਰਗਰ ਸਿੱਧ ਹੋਣ ਵਾਲੀਹੈ। ਉਨ੍ਹਾਂ ਦੱਸਿਆ ਕਿ ਇਸ ਵਿੱਚ ਟ੍ਰਾਂਸਮੀਟਰ, ਨੈਨੋ ਆਡੀਨੋ ਸਰਕਿਟ ਅਤੇ ਬੈਟਰੀ ਲੱਗੀ ਹੈ, ਜੋ ਪੂਰੇ ਇੱਕ ਸਾਲ ਤੱਕ ਬਿਨਾਂ ਚਾਰਜ ਕੀਤੇ ਹੋਏ ਚਲਦਾ ਰਹੇਗਾ। ਇਸ ਦੀ ਰੇਂਜ 200 ਮੀਟਰ ਰੱਖੀ ਗਈ ਹੈ। ਇਸ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ ਕਿ ਇਸ ਦੇ ਨੇੜੇ ਫੋਨ ਨਾ ਵੀ ਹੋਵੇ ਤਾਂ ਤਦ ਵੀ ਇਹ ਕੰਮ ਕਰੇਗਾ। ਇਸ ਵਿੱਚ ਫੋਨ ਦੀ ਬਿਲਕੁਲ ਜ਼ਰੂਰਤ ਨਹੀਂ ਹੈ। ਅਨੰਨਿਆ ਸਿੰਘ ਨੇ ਦੱਸਿਆ ਕਿ ਇਸ ਡਿਵਾਈਸ ਨੂੰ ਕਿਸੇ ਵੀ ਡ੍ਰੈਸ ਵਿੱਚ ਲਗਾ ਸਕਦੇ ਹੋ।ਜਿਸ ਵਿੱਚ ਟ੍ਰਾਂਸਮੀਟਰ ਸਿਗਨਲ ਭੇਜਣਗੇ।

# ਇਰਾਕ ਵਿੱਚੋਂ ਦੋ ਧਰਮ ਗੁਰੂਆਂ ਵੱਲੋਂ ਦੁਨੀਆ ਨੂੰ ਸ਼ਾਂਤੀ ਦਾ ਸੰਦੇਸ਼

ਨਜਫ, 7 ਮਾਰਚ (ਪੋਸਟ ਬਿਊਰੋ)- ਇਰਾਕ ਦੇ ਪਵਿੱਤਰ ਸ਼ਹਿਰ ਨਜਫ 'ਚ ਵੈਟੀਕਨ ਸਿਟੀ ਦੇ ਪੋਪ ਫਰਾਂਸਿਸ ਤੇ ਸ਼ੀਆ ਧਰਮ ਗੁਰੂ ਆਇਤੁੱਲਾ ਅਲੀ ਅਲ ਸਿਸਤਾਨੀ ਨੇ ਵਿਸ਼ਵ ਨੂੰ ਸ਼ਾਂਤੀ ਦਾ ਸੰਦੇਸ਼ ਦਿੱਤਾ ਹੈ। ਦੋਵਾਂ ਧਰਮ ਗੁਰੂਆਂ ਨੇ ਅਰਬ ਦੇਸ਼ਾਂ ਦੇ ਮੁਸਲਮਾਨਾਂ ਹੱਥੋਂ ਇਰਾਕ ਵਿੱਚ ਲੰਬੇ ਸਮੇਂ ਤੱਕ ਪੀੜਤ ਰਹੇ ਈਸਾਈ ਘੱਟ ਗਿਣਤੀਆਂ ਨੂੰ ਅਪਣਾਉਣ ਦਾ ਸੱਦਾ ਦਿੱਤਾ ਹੈ, ਜਿਸ ਦੀ ਹਰ ਪਾਸੇ ਸ਼ਲਾਘਾ ਹੋ ਰਹੀ ਹੈ।



ਸ਼ੀਆ ਧਰਮ ਗੁਰੂ ਅਲ ਸਿਸਤਾਨੀ ਨੇ ਕਿਹਾ ਕਿ ਧਾਰਮਿਕ ਸੰਸਥਾਵਾਂ ਨੇ ਇਰਾਕ ਦੇ ਈਸਾਈ ਭਾਈਚਾਰੇ ਦੀ ਰੱਖਿਆ ਕੀਤੀ ਹੈ। ਉਨ੍ਹਾਂ ਨੂੰ ਸ਼ਾਂਤੀ ਨਾਲ ਉਨ੍ਹਾਂ ਸਾਰੇ ਅਧਿਕਾਰਾਂ ਨਾਲ ਰਹਿਣ ਦਾ ਅਧਿਕਾਰ ਹੈ, ਜੋ ਇਰਾਕੀ ਨਾਗਰਿਕਾਂ ਨੂੰ ਹੈ। ਪੋਪ ਫਰਾਂਸਿਸ ਨੇ ਮੁਲਾਕਾਤ ਦੌਰਾਨ ਕਿਹਾ ਕਿ ਉਹ ਸ਼ੀਆ ਧਰਮ ਗੁਰੂ ਦਾ ਧੰਨਵਾਦ ਕਰਦੇ ਹਨ ਕਿ ਉਨ੍ਹਾਂ ਨੇ ਹਿੰਸਾ ਦੇ ਸਮੇਂ ਕਈ ਵਾਰ ਕਮਜ਼ੋਰ ਅਤੇ ਸਤਾਏ ਹੋਏ ਈਸਾਈ ਭਾਈਚਾਰੇ ਦੀ ਰੱਖਿਆ ਵਿੱਚ ਆਪਣੀ ਆਵਾਜ਼ ਚੁੱਕੀ।

ਦੁਨੀਆ ਦੇ ਦੋ ਚੋਟੀ ਦੇ ਧਰਮ ਗੁਰੂਆਂ ਦੀ ਮੁਲਾਕਾਤ ਲਈ ਪਿਛਲੇ ਕਈ ਮਹੀਨਿਆਂ ਤੋਂ ਧਰਮ ਗੁਰੂ ਆਇਤੁੱਲਾ ਦੇ ਦਫਤਰਤੇ ਵੈਟੀਕਨ ਸਿਟੀ ਵਿਚਾਲੇ ਵਾਰਤਾ ਚੱਲ ਰਹੀ ਹੈ। ਸ਼ੀਆ ਧਰਮ ਗੁਰੂ ਅਲ ਸਿਸਤਾਨੀ ਪ੍ਰਤੀ ਦੁਨੀਆ ਭਰ ਦੇ ਸ਼ੀਆ ਭਾਈਚਾਰੇ ਦੀ ਡੂੰਘੀ ਸ਼ਰਧਾ ਹੈ ਅਤੇ ਸ਼ੀਆ ਲੋਕਾਂ ਦੇ ਮਸਲਿਆਂ 'ਤੇ ਉਨ੍ਹਾਂ ਦੀ ਰਾਇ ਨੂੰ ਪੂਰੀ ਮਾਨਤਾ ਦਿੱਤੀ ਜਾਂਦੀ ਹੈ। ਕੁਝ ਮੌਕਿਆਂ 'ਤੇ ਉਹ ਆਪਣੀ ਵੱਖ ਰਾਇ ਦੇਣ ਲਈ ਪਛਾਣ ਬਣਾ ਚੁੱਕੇ ਹਨ। 2003 ਵਿੱਚ ਅਮਰੀਕੀ ਹਮਲੇ ਦੇ ਬਾਅਦ ਦੇ ਸਾਲਾਂ ਵਿੱਚ ਉਨ੍ਹਾਂ ਨੇ ਸੰਜਮ ਅਤੇ ਸ਼ਾਂਤੀ ਦੇ ਉਪਦੇਸ਼ ਦਿੱਤੇ ਸਨ। ਉਸ ਸਮੇਂ ਸ਼ੀਆ ਭਾਈਚਾਰਾ ਅਲ ਕਾਇਦਾ ਅਤੇ ਹੋਰ ਸੁੰਨੀ ਅੱਤਵਾਦੀਆਂ ਦੇ ਨਿਸ਼ਾਨੇ 'ਤੇ ਆ ਗਿਆ ਸੀ। ਉਨ੍ਹਾਂ ਨੇ 2014 ਵਿਚ ਇਸਲਾਮਿਕ ਸਟੇਟ ਦੇ ਹਮਲੇ ਦੌਰਾਨ ਸ਼ੀਆ ਲੋਕਾਂ ਨੂੰ ਲੜਨ ਦਾ ਸੱਦਾ ਦਿੱਤਾ ਸੀ। 2019 ਵਿੱਚ ਜਦੋਂ ਦੇਸ਼ ਵਿੱਚ ਵੱਡੇ ਪੱਧਰ 'ਤੇ ਸਰਕਾਰ ਵਿਰੋਧੀ ਪ੍ਰਦਰਸ਼ਨ ਹੋਏ ਸਨ ਤਾਂ ਧਰਮ ਗੁਰੂ ਅਲ ਸਿਸਤਾਨੀ ਦੇ ਉਪਦੇਸ਼ਾਂ ਪਿੱਛੋਂ ਪ੍ਰਧਾਨ ਮੰਤਰੀ ਆਦਿਲ ਅਬਦੁਲ ਮਹਿਦੀ ਨੇ ਅਸਤੀਫਾ ਦਿੱਤਾ ਸੀ। ਇਸ ਤੋਂ ਪਹਿਲਾਂ ਇਰਾਕ ਪੁੱਜਣ 'ਤੇ ਪੋਪ ਫਰਾਂਸਿਸ ਦਾ ਜ਼ਬਰਦਸਤ ਸਵਾਗਤ ਕੀਤਾ ਗਿਆ।

# ਪਾਕਿਸਤਾਨ ਵਿੱਚ ਹਿੰਦੂ ਪਰਿਵਾਰ ਦੇ ਪੰਜ ਮੈਂਬਰਾਂ ਦਾ ਕਤਲ

ਲਾਹੌਰ, 7 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਇੱਕ ਹਿੰਦੂ ਪਰਵਾਰ ਦੇ ਪੰਜ ਜੀਆਂ ਦੀਆਂ ਲਾਸ਼ਾਂ ਭੇਤਭਰੀ ਹਾਲਤ ਵਿੱਚ ਉਨ੍ਹਾਂ ਦੇ ਘਰ ਦੇ ਅੰਦਰੋਂ ਮਿਲੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਉਕਤ ਹਿੰਦੂ ਪਰਵਾਰ ਦੇ ਮੁਖੀ ਰਾਮ ਚੰਦ ਮੇਘਵਾਰ (36), ਉਸ ਦੇ ਪੁੱਤਰ ਪ੍ਰੇਮ ਕੁਮਾਰ (12), ਦੋ ਪੁੱਤਰੀਆਂ ਅੰਜਲੀ (10) ਤੇ ਅਨੀਕਾ (4), ਉਸ ਦੀ ਪਤਨੀ ਲਕਸ਼ਮੀ ਮਾਈ ਦੀਆਂ ਲਾਸ਼ਾਂ ਰਹੀਮ ਯਾਰ ਖਾਨ ਸ਼ਹਿਰ ਤੋਂ 15 ਕਿਲੋਮੀਟਰ ਦੀ ਦੂਰੀ ਉੱਤੇ ਚੱਕ ਨੰਬਰ 135-ਪੀ,ਅਬੂ ਧਾਬੀ ਕਾਲੋਨੀ ਵਿਖੇ ਉਨ੍ਹਾਂ ਦੇ ਘਰ ਤੋਂ ਮਿਲੀਆਂ ਹਨ। ਇਨ੍ਹਾਂ ਸਾਰੇ ਲੋਕਾਂ ਦਾ ਤੇਜ਼ਧਾਰ ਹਥਿਆਰ ਨਾਲ ਗਲਾ ਵੱਢ ਕੇ ਕਤਲ ਕੀਤਾ ਗਿਆ ਹੈ। ਪੁਲਸ ਨੇ ਚਾਕੂ ਅਤੇ




ਕੁਹਾੜੀ ਸਮੇਤ ਕਤਲ ਲਈ ਵਰਤੋਂ ਵਿੱਚ ਲਿਆਂਦੇ ਗਏ ਹਥਿਆਰ ਬਰਾਮਦ ਕਰ ਲਏ ਹਨ। ਮ੍ਰਿਤਕ ਰਾਮ ਚੰਦ ਲੰਬੇ ਸਮੇਂ ਤੋਂ ਦਰਜੀ ਦੀ ਦੁਕਾਨ ਚਲਾ ਰਿਹਾ ਸੀ। ਪੁਲਸ ਦਾ ਦਾਅਵਾ ਹੈ ਕਿ ਲਕਸ਼ਮੀ ਮਾਈ ਦੇ ਕਿਸੇ ਨਾਲ ਨਾਜਾਇਜ਼ ਸੰਬੰਧ ਸਨ। ਪਰਵਾਰਕ ਸੂਤਰਾਂ ਨੇ ਕਿਹਾ ਕਿ ਲਕਸ਼ਮੀ ਮਾਈ ਆਪਣੇ ਪਤੀ ਨੂੰ ਚੰਗੀ ਜ਼ਿੰਦਗੀ ਬਤੀਤ ਕਰਨ ਲਈ ਵਿੱਤੀ ਸਰੋਤਾਂ ਦੀ ਘਾਟ ਦੀ ਸ਼ਿਕਾਇਤ ਕਰ ਕੇ ਤੰਗ ਕਰਦੀ ਸੀ। ਪੁਲਸ ਮੁਤਾਬਕ ਰਾਮ ਚੰਦ ਨੇ ਬਾਅਦ ਵਿੱਚ ਸ਼ੇਖ਼ ਜ਼ਾਇਦ ਹਸਪਤਾਲ ਵਿਖੇ ਦਮ ਤੋੜ ਦਿੱਤਾ। ਲਕਸ਼ਮੀ ਦੇ ਭਰਾ ਤੀਰਥ ਰਾਮ ਨੇ ਥਾਣੇ ਵਿੱਚ ਦਰਜ ਕਰਵਾਈ ਸ਼ਿਕਾਇਤ ਵਿੱਚ ਦੱਸਿਆ ਹੈ ਕਿ ਉਸ ਦੇ ਜੀਜਾ ਰਾਮ ਚੰਦ ਨੇ ਸ਼ੱਕ ਦੇ ਆਧਾਰ ਉੱਤੇ ਪਰਵਾਰਕ ਮੈਂਬਰਾਂ ਦੇ ਗਲੇ ਵੱਢੇ ਹਨ। ਲਹਿੰਦੇ ਪੰਜਾਬ ਦੇ ਵਧੀਕ ਇੰਸਪੈਕਟਰ ਜਨਰਲ ਪੁਲਸ ਜ਼ਫਰ ਇਕਬਾਲ ਨੇ ਕਤਲੇਆਮ ਦੀ ਤੁਰੰਤ ਜਾਂਚ ਦੇ ਹੁਕਮ ਦਿੱਤੇ ਅਤੇ ਸਬੰਧਤ ਪੁਲਸ ਤੋਂ ਵਿਸਥਾਰਤ ਰਿਪੋਰਟ ਮੰਗੀ। ਇਸ ਦੌਰਾਨ ਸੂਬੇ ਦੇ ਮੁੱਖ ਮੰਤਰੀ ਸਰਦਾਰ ਉਸਮਾਨ ਬੁਜ਼ਦਾਰ ਨੇ ਇਸ ਘਟਨਾ ਦਾ ਨੋਟਿਸ ਲਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਜਲਦ ਤੋਂ ਜਲਦ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੇ ਨਿਰਦੇਸ਼ ਦਿੱਤੇ।

# ਮਿਆਂਮਾਰ ਨੇ ਮਿਜ਼ੋਰਮ ਸਰਕਾਰ ਤੋਂ 8 ਪੁਲਸ ਮੁਲਾਜ਼ਮਾਂ ਦੀ ਹਵਾਲਗੀ ਮੰਗੀ

ਐਜ਼ੌਲ, 7 ਮਾਰਚ (ਪੋਸਟ ਬਿਊਰੋ)- ਮਿਆਂਮਾਰ ਨੇ ਭਾਰਤੀ ਸੂਬੇ ਮਿਜ਼ੋਰਮ ਦੀ ਸਰਕਾਰ ਨੂੰ ਪੱਤਰ ਲਿਖ ਕੇ ਆਪਣੇ ਅੱਠ ਪੁਲਸ ਮੁਲਾਜ਼ਮਾਂ ਦੀ ਹਵਾਲਗੀ ਲਈ ਅਪੀਲ ਕੀਤੀ ਹੈ।

ਇੱਕ ਅਧਿਕਾਰੀ ਨੇ ਇੱਥੇ ਦੱਸਿਆ ਕਿ ਇਹ ਅੱਠ ਮੁਲਾਜ਼ਮ ਗੁਆਂਢੀ ਦੇਸ਼ ਮਿਆਂਮਾਰ ਵਿੱਚ ਫਰਵਰੀ ਹੋਏ ਫੌਜੀ ਰਾਜ ਪਲਟੇ ਮਗਰੋਂ ਸਰਹੱਦ ਪਾਰ ਕਰ ਕੇ ਇਸ ਉਤਰ ਪੂਰਬੀ ਸੂਬੇ ਵਿੱਚ ਆ ਗਏ ਸਨ। ਵਰਨਣ ਯੋਗ ਹੈ ਕਿ ਮਿਜ਼ੋਰਮ ਦੀ 510 ਕਿਲੋਮੀਟਰ ਲੰਬੀ ਸਰਹੱਦ ਮਿਆਂਮਾਰ ਨਾਲ ਲੱਗਦੀ ਹੈ, ਜਿੱਥੇ ਫੌਜੀ ਸਰਕਾਰ ਖਿਲਾਫ ਮੁਜ਼ਾਹਰੇ ਹੋ ਰਹੇ ਹਨ। ਚੰਪਾਈ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਮਾਰੀਆ ਸੀ ਟੀ ਜ਼ੁਆਲੀ ਮੁਤਾਬਕ ਮਿਆਂਮਾਰ ਵਿੱਚ ਫਾਲਮ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਅੱਠ ਪੁਲਸ ਮੁਲਾਜ਼ਮਾਂ ਨੂੰ ਮਿਆਂਮਾਰ ਦੇ ਹਵਾਲੇ ਕਰਨ ਦੀ ਮੰਗ ਕੀਤੀ ਹੈ, ਜੋ ਉਥੋਂ ਭੱਜ ਕੇ ਭਾਰਤ ਵਿੱਚ ਆਏ ਹਨ। ਪੱਤਰ ਵਿੱਚ ਕਿਹਾ ਗਿਆ ਹੈ ਕਿ ਮਿਆਂਮਾਰ ਤੋਂ ਅੱਠ ਪੁਲਸ ਵਾਲੇ ਭੱਜ ਕੇ ਭਾਰਤ ਚਲੇ ਗਏ ਹਨ। ਫਾਲਮ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸਾ ਤੁਨ ਵਿਨ ਨੇ ਪੱਤਰ ਵਿੱਚ ਲਿਖਿਆ: ਦੋਵਾਂ ਗੁਆਂਢੀ ਦੇਸ਼ਾਂ ਵਿਚਾਲੇ ਦੋਸਤਾਨਾ ਸੰਬੰਧ ਹਨ। ਇਸ ਲਈ ਅਸੀਂ ਆਪਣੇ ਉਨ੍ਹਾਂ ਅੱਠ ਪੁਲਸ ਮੁਲਾਜ਼ਮਾਂ ਨੂੰ ਮਿਆਂਮਾਰ ਦੇ ਹਵਾਲੇ ਕਰਨ ਦੀ ਅਪੀਲ ਕਰਦੇ ਹਾਂ, ਜੋ ਕਿ ਭਾਰਤੀ ਇਲਾਕੇ ਵਿੱਚ ਆਏ ਹਨ।

ਬੀਤੇ ਸ਼ੁੱਕਰਵਾਰ ਸੂਬੇ ਦੇ ਗ੍ਰਹਿ ਵਿਭਾਗ ਦੇ ਇੱਕ ਅਧਿਕਾਰੀ ਨੇ ਕਿਹਾ ਸੀ ਕਿ ਮਿਆਂਮਾਰ ਤੋਂ 15 ਜਣੇ ਸਰਹੱਦ ਪਾਰ ਕਰ ਕੇ ਭਾਰਤ ਆਏ ਹਨ, ਜਿਨ੍ਹਾਂ ਵਿੱਚੋਂ 11 ਵੱਲੋਂ ਪੁਲਸ ਵਾਲੇ ਹੋਣ ਦਾ ਦਾਅਵਾ ਕੀਤਾ ਗਿਆ ਹੈ।

# ਅਮਰੀਕਾ ਦੇ ਤੀਹ ਹਜ਼ਾਰ ਤੋਂ ਵੱਧ ਸੰਗਠਨਾਂ ਉਤੇ ਸਾਈਬਰ ਹਮਲੇ ਹੋਏ

ਸੈਨ ਫਰਾਂਸਿਸਕੋ, 7 ਮਾਰਚ (ਪੋਸਟ ਬਿਊਰੋ)- ਸਾਈਬਰ ਹਮਲਿਆਂ ਤੋਂ ਅਮਰੀਕਾ ਨੂੰ ਛੁਟਕਾਰਾ ਨਹੀਂ ਮਿਲ ਰਿਹਾ। ਇੱਕ ਵਾਰ ਫਿਰ ਅਮਰੀਕਾ ਵਿੱਚ ਵੱਡੇ ਪੈਮਾਨੇ 'ਤੇ ਹੈਕਰਾਂ ਨੇ ਹਮਲਾ ਕੀਤਾ ਹੈ। ਇਨ੍ਹਾਂ ਹਮਲਿਆਂ ਵਿੱਚ ਅਮਰੀਕਾ ਦੀਆਂ ਲਗਭਗ ਤੀਹ ਹਜ਼ਾਰ ਸੰਸਥਾਵਾਂ ਨੂੰ ਸ਼ਿਕਾਰ ਬਣਾਇਆ ਗਿਆ ਹੈ। ਇਨ੍ਹਾਂ ਵਿੱਚ ਸਰਕਾਰੀ-ਗੈਰ ਸਰਕਾਰੀ ਸੰਗਠਨਾਂ ਦੇ ਨਾਲ ਹੀ ਵਪਾਰਕ ਸੰਸਥਾਵਾਂ ਵੀ ਹਨ। ਇਹ ਹਮਲੇ ਚੀਨ ਵਿੱਚ ਬੈਠੇ ਹੈਕਰਾਂ ਨੇ ਕੀਤੇ ਹਨ।

ਕ੍ਰੇਬਸ ਆਨ ਸਕਿਓਰਿਟੀ ਦੇ ਅਨੁਸਾਰ ਚੀਨ ਦੇ ਐਸਪਿਨੇਜ ਗਰੁੱਪ ਨੇ ਇਸ ਵਾਰ ਹਮਲਿਆਂ ਲਈ ਮਾਈਕ੍ਰੋਸਾਫਟ ਦੇ ਐਕਸਚੇਂਜ ਸਰਵਰ ਈਮੇਲ ਸਾਫਟਵੇਅਰ ਦੀਆਂ ਚਾਰ ਕਮਜ਼ੋਰੀਆਂ ਦਾ ਲਾਭ ਉਠਾਇਆ, ਜਿਸ ਨਾਲ ਉਨ੍ਹਾਂ ਹਜ਼ਾਰਾਂ ਸੰਸਥਾਵਾਂ ਦੇ ਨੈਟਵਰਕ ਵਿੱਚ ਘੁਸਪੈਠ ਕਰ ਕੇ ਨੁਕਸਾਨ ਪਹੁੰਚਾਇਆ। ਉਨ੍ਹਾਂ ਨੇ ਸਿਸਟਮ ਵਿੱਚ ਪਹੁੰਚ ਕੇ ਮਾਲਵੇਅਰ ਪਾ ਦਿੱਤੇ ਹਨ। ਮਾਈਕਰੋਸਾਫਟ ਨੇ ਅਜੇ ਇਹ ਨਹੀਂ ਦੱਸਿਆ ਕਿ ਇਸ ਹਮਲੇ ਨਾਲ ਕਿੰਨਾ ਨੁਕਸਾਨ ਹੋਇਆ ਹੈ।ਕ੍ਰੇਬਸ ਆਨ



ਸਕਿਓਰਿਟੀ ਦੇ ਅਨੁਸਾਰ ਅਮਰੀਕਾ ਦੇ ਦੋ ਸਾਈਬਰ ਮਾਹਰਾਂ ਨੇ ਹਮਲਿਆਂ ਦੀ ਸੂਚਨਾ ਅੰਤਰਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਨੂੰ ਦਿੱਤੀ ਹੈ। ਮਾਈਕ੍ਰੋਸਾਫਟ ਨੇ ਐਕਸਚੇਂਜ ਸਵਰਰ ਦੀ ਕਮਜ਼ੋਰੀ ਦੂਰ ਕਰਨ ਲਈ ਤੁਰੰਤ ਕਈ ਸੁਰੱਖਿਆ ਅਪਡੇਟਸ ਜਾਰੀ ਕੀਤੇ ਹਨ ਅਤੇ ਇਨ੍ਹਾਂ ਸਭ ਨੂੰ ਇੰਸਟਾਲ ਕਰਨ ਲਈ ਕਿਹਾ ਹੈ।ਅਮਰੀਕਾ ਵਿੱਚ ਸਾਈਬਰ ਹਮਲਿਆਂ ਦਾ ਸ਼ਿਕਾਰ ਕਈ ਏਅਰਲਾਈਨ ਕੰਪਨੀਆਂ ਵੀ ਹੋਈਆਂ ਹਨ। ਇਨ੍ਹਾਂ ਦੇ ਕੰਪਿਊਟਰ 'ਚੋਂ ਯਾਤਰੀਆਂ ਦੀ ਨਿੱਜੀ ਜਾਣਕਾਰੀ ਚੋਰੀ ਹੋਣ ਦਾ ਸ਼ੱਕ ਹੈ। ਮਲੇਸ਼ੀਆ, ਫਿਨਏਅਰ, ਜਾਪਾਨ ਅਤੇ ਕੈਥੇਪੈਸੀਫਿਕ ਨੇ ਆਪਣੇ ਰੈਗੂਲਰ ਯਾਤਰੀਆਂ ਨੂੰ ਇਸ ਦੀ ਜਾਣਕਾਰੀ ਦਿੱਤੀ ਹੈ।

# CLASSIFIEDS

ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202





















## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੇਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)






## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ਼ੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜ਼ਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654













Other Realtors only Promise But JAG AUJLA SOLD YOUR HOME WITH GUARANTEE

Advertisement GUARANTEED Till SOLD

Top 1% Broker

Call For a Quick & Free Home Evaluation
www.BramptonQuickHomeEvaluation.com

# JAG AUJLA
REAL ESTATE BROKER

416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON
BRAND NEW HOUSE FOR SALE ON ASSIGNMENT ( IN CALEDON)

### ਕੈਨੇਡੀ / ਦੁੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ' ਸੰਪਰਕ ਕਰ ਸਕਦੇ ਹੋ।

## BRAMPTON
Sold Over $40,000 asking price

### ਵੀਲੀਅਮ ਪਾਕਵੇ/ਰੋਇਲ ਓਰਚਾਰਡ

ਲਗਭਗ 2800 ਸੁਕੇਅਰ ਫੁੱਟ ਵਿੱਚ ਬਣਿਆ 5+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ। 48 ਫੁੱਟ ਲਾਟ ਹੈ। ਫਿਨੀਸ਼ਡ ਬੇਸਮੈਂਟ ਅਤੇ ਸੇਪਰੈਟ ਸਾਈਡ ਏਨਟਰੈਂਸ। ਨਵੀਂ ਰੂਫ ਸ਼ਿੰਗਲ ਅਤੇ ਨਵੀਂ ਅਪਗ੍ਰੇਡੇਡ ਕਿਚਨ ਜਿਸ ਵਿੱਚ ਗਰੇਨਾਈਟ ਟਾਪ ਹੈ। ਪੈਂਟਰੀ ਨਾਲ ਬਰੇਕਫਾਸਟ ਏਰੀਆ। ਗਲਿਮੀਂਗ ਹਾਰਡਵੁਡ ਫਲੋਰ। ਬੈਡਰੂਮ ਵਿੱਚ ਲੈਮੀਨੇਟ ਫਲੋਰ। ਓਕ ਸਟੇਅਰ ਕੇਸ। ਮਾਸਟਰ ਬੈਡਰੂਮ 5 ਪੀਸ ਈਨਸੂਟ। ਸਾਰੀਆਂ ਸਹੂਲਤਾਂ ਦੇ ਨੇੜੇ।

### BRAMPTON — Sandalwood/Chinguacousy Park
72 Botavia Downs dr
**$ 1525**
ਲੀਸ ਲਈ
ਸੈਂਡਲਵੁਡ/ਕਿਰਾਏ ਲਈ
2 ਬੈਡਰੂਮ, 1 ਵਾਸ਼ਰੂਮ ਦੀ ਬਹੁਤ ਸੋਹਣੀ ਬੇਸਮੈਂਟ, (Separate Laundry) ਸੈਪਰੇਟ ਲਾਊਂਡਰੀ ਅਤੇ ਸੈਪਰੇਟ ਐਂਟਰੈਂਸ, 1 ਜਾਂ 2 ਕਾਰ ਪਾਰਕਿੰਗ, ਸਾਰੀਆਂ ਸੁਵਿਧਾਵਾਂ ਦੇ ਨੇੜੇ, A++ ਜਾਂ ਛੋਟੀ ਫੈਮਿਲੀ ਨੂੰ ਪਹਿਲ।

### BRAMPTON — 34 Winterfold Dr
Rutherford/Kennedy/Will. Pkwy
**$774,905**
5 ਲੈਵਲ ਬੈਕ ਸਪਲਿਟ ਡੀਟੈਚਡ ਘਰ, 3 ਬੈਡਰੂਮ, 3 ਵਾਸ਼ਰੂਮ, ਹਾਫ ਫਿਨਿਸ਼ਡ ਬੇਸਮੈਂਟ, 36 ਫੁੱਟ ਲਾਟ, 2020 ਵਿਚ ਅਪਗ੍ਰੇਡ ਕੀਤਾ ਗਿਆ ਅਪਗ੍ਰਡਿਡ ਕਿਚਨ, ਅਪਗ੍ਰਡਿਡ ਵਾਸ਼ਰੂਮ ਅਤੇ ਬੈਂਡਰੂਮ, ਹਾਈਵੇ 410 ਦੇ ਬਹੁਸ ਨਜ਼ਦੀਕ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।

### BRAMPTON — Dixie/Queen
Sold Over asking price
8 Lisa St.
**$ 434,905**
1142 ਸਕੇਅਰ ਫੁੱਟ ਦੀ ਕੌਂਡੋ (ਛੋਨਦੋ), 21ਸਟ ਫਲੋਰ ਉਤੇ 2 ਬੈਡਰੂਮ, 2 ਵਾਸ਼ਰੂਮ, ਲਾਊਂਡਰੀ, 1 ਅੰਡਰ ਗ੍ਰਾਊਂਡ ਕਾਰ ਪਾਰਕਿੰਗ, ਮਾਸਟਰ ਬੈਡਰੂਮ ਵਿਚ 3 ਪੀਸੀ ਇਨਸੂਟ, 24 ਘੰਟੇ ਸਿਕਿਉਰਿਟੀ (Security), ਬਰੈਮਲੀ ਸਿਟੀ ਸੈਂਟਰ (Bramalea City Center) ਦੇ ਕੋਲ ਸਾਰੀਆਂ ਸਹੂਲਤਾਂ ਦੇ ਨੇੜੇ, ਵਾਸ਼ਰ ਅਤੇ ਡਰਾਇਰ (Dryer), ਡਿਸ਼ਵਾਸ਼ਰ ਅਤੇ ਹੋਰ ਬਹੁਤ ਕੁੱਝ ਸ਼ਾਮਲ।



# ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866
31 Melanie Dr. Unit #4 Brampton, ON L6T 5H8

### FOR SALE — $1,399,999 — CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

### FOR SALE — $1,449,995 — COTTRELLE/HWY50
ਲਗਭਗ 3500 ਵਰਗ ਫੁੱਟ ਵਿਚ ਬਣਿਆ4+2 ਬੈੱਡਰੂਮ ਅਤੇ 5 ਵਾਸ਼ਰੂਮ, 10 ਫੁੱਟ ਸੀਲਿੰਗ, 2 ਬੈੱਡਰੂਮ ਦੀ ਫਿਨਿਸ਼ਿਡ ਵਾਕਆਊਟ ਬੇਸਮੈਂਟ 9 ਫੁੱਟ ਦੀ ਸੀਲਿੰਗ ਨਾਲ, ਵੱਖਰੀ ਲਾਊਂਡਰੀ, ਬਿਲਟ ਇਨ ਅਪਲਾਈਂਸਸ ਅਪਗ੍ਰੇਡ ਕਿਚਨ, ਗਰੇਨਾਈਟ ਕਾਊਂਟਰ, ਸੈਂਟਰ ਆਈਲੈਂਡ, ਗਰੇਨਾਈਨ ਬੈਕ ਸਪਲੈਸ਼,ਬਹੁਤ ਸਾਰੀਆਂ ਪੋਟ ਲਾਈਟਾਂ, ਓਕਸਟੇਅਰ ਕੇਸ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ

### SOLD — $1,149,000 — SANDALWOOD/BRAMALEA
ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੇਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ



# Dr. Randhawa Dentistry
*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111





